COLGATE-PALMOLIVE COMPANY

# ਵਿਵਹਾਰ ਦਾ ਜ਼ਾਬਤਾ

## ਆਪਣੀਆਂ ਕਦਰਾਂ-ਕੀਮਤਾਂ ਦੇ ਨਾਲ ਜੁੜੇ ਰਹਿਣਾ

ਅਸੀਂ

ਸਾਡੀ ਸ਼ਕਤੀ

# ਸਾਡੇ ਚੇਅਰਮੈਨ, ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਵਲੋਂ ਇੱਕ ਸੁਨੇਹਾ

ਸਾਡੇ ਵਿਵਹਾਰ ਦੇ ਜ਼ਾਬਤੇ ਨੇ ਅਜਿਹੇ ਸਿਧਾਂਤਾਂ ਦੇ ਨਾਲ 30 ਸਾਲਾਂ ਤੋਂ ਵੱਧ ਸਮੇਂ ਤੋਂ ਕੋਲਗੇਟ ਦੇ ਲੋਕਾਂ ਦਾ ਮਾਰਗ-ਦਰਸ਼ਨ ਕੀਤਾ ਹੈ ਜੋ ਸਾਡੀਆਂ ਕਦਰਾਂ-ਕੀਮਤਾਂ ਦੀ ਝਲਕ ਦਿੰਦੇ ਹਨ ਅਤੇ ਨੈਤਿਕ ਵਿਵਹਾਰ ਵਾਸਤੇ ਮਿਆਰ ਤੈਅ ਕਰਦੇ ਹਨ। ਹਾਲਾਂਕਿ ਸਾਡੀਆਂ ਕਦਰਾਂ-ਕੀਮਤਾਂ ਅਤੇ ਸਿਧਾਂਤ ਹੰਢਣਸਾਰ ਹਨ, ਪਰ ਵਿਵਹਾਰ ਦੇ ਜ਼ਾਬਤੇ ਨੂੰ ਬਕਾਇਦਾ ਤੌਰ 'ਤੇ ਅੱਪਡੇਟ ਕੀਤਾ ਜਾਂਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸਾਡੇ ਕਾਰੋਬਾਰ ਦੇ ਬਦਲਦੇ ਸੰਦਰਭ ਨੂੰ ਹੱਲ ਕਰਦਾ ਹੋਵੇ। ਚਾਹੇ ਅਸੀਂ ਸੰਸਾਰ ਵਿੱਚ ਕਿਤੇ ਵੀ ਕੰਮ ਕਰਦੇ ਹੋਈਏ, ਕੋਲਗੇਟ ਲੋਕਾਂ ਵਜੋਂ ਸਾਡਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਸਾਡਾ ਵਿਵਹਾਰ ਅਤੇ ਸਾਡੇ ਫੈਸਲੇ ਹਮੇਸ਼ਾਂ ਸਾਡੇ ਵਿਵਹਾਰ ਦੇ ਜ਼ਾਬਤੇ ਦੀ ਗਵਾਹੀ ਦਿੰਦੇ ਹੋਣ।

ਇਹ ਸਾਲ ਨਵੀਆਂ ਚੁਣੌਤੀਆਂ ਅਤੇ ਮੌਕੇ ਲੈ ਕੇ ਆਇਆ ਹੈ ਜਿਨ੍ਹਾਂ ਨੇ ਸਾਡੇ ਕੰਮ ਕਰਨ ਦੇ ਤਰੀਕਿਆਂ ਸਮੇਤ ਸਾਡੇ ਜੀਵਨ ਦੇ ਸਾਰੇ ਪਹਿਲੂਆਂ ਨੂੰ ਪ੍ਰਭਾਵਿਤ ਕੀਤਾ। ਅਸੀਂ ਚੀਜ਼ਾਂ ਨੂੰ ਕਿਵੇਂ ਪੂਰਾ ਕਰਦੇ ਹਾਂ ਇਸ ਵਿੱਚ ਰਿਮੋਟ ਤਰੀਕੇ ਨਾਲ ਕੰਮ ਕਰਨਾ ਇੱਕ ਮਹੱਤਵਪੂਰਨ ਹਿੱਸਾ ਬਣਿਆ ਰਹੇਗਾ। ਪਰ, ਅਸੀਂ ਦੂਰੀ ਨੂੰ ਨੈਤਿਕ ਵਿਹਾਰ ਪ੍ਰਤੀ ਸਾਡੀ ਸਾਂਝੀ ਵਚਨਬੱਧਤਾ ਨੂੰ ਪ੍ਰਭਾਵਿਤ ਨਹੀਂ ਕਰਨ ਦੇ ਸਕਦੇ। ਕੋਲਗੇਟ ਦੇ ਲੋਕਾਂ ਤੋਂ ਜ਼ਾਬਤਾ ਪੜ੍ਹਨ, ਉਸਨੂੰ ਸਮਝਣ ਅਤੇ ਉਸ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਤੁਹਾਡੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀ "ਆਵਾਜ਼ ਬੁਲੰਦ ਕਰੋ" ("Speak Up"), ਅਤੇ ਸਾਡੇ ਜ਼ਾਬਤੇ, ਸਾਡੀਆਂ ਨੀਤੀਆਂ ਜਾਂ ਲਾਗੂ ਹੋਣ ਵਾਲੇ ਕਨੂੰਨਾਂ ਦੇ ਖਿਲਾਫ਼ ਜਾਂਦੇ ਵਿਵਹਾਰ ਨੂੰ ਚੁਣੌਤੀ ਦਿਓ । ਇਹ ਵਚਨਬੱਧਤਾਵਾਂ ਇਸ ਗੱਲ ਨੂੰ ਯਕੀਨੀ ਬਣਾਉਂਦੀਆਂ ਹਨ ਕਿ ਕਾਰਜ-ਸਥਾਨ 'ਤੇ ਸਾਡੇ ਸਾਰੇ ਫੈਸਲਿਆਂ — ਜਾਂ ਸਾਡੇ ਕੰਮ ਨੂੰ ਪ੍ਰਭਾਵਿਤ ਕਰਨ ਵਾਲੇ ਨਿੱਜੀ ਫੈਸਲਿਆਂ — ਨੂੰ ਇਮਾਨਦਾਰੀ ਅਤੇ ਸਰਵਉੱਚ ਨੈਤਿਕ ਮਿਆਰਾਂ ਨਾਲ ਕਾਰਜ ਕਰਨ ਦੀ ਸਾਡੀ ਜ਼ਿੰਮੇਵਾਰੀ ਦੁਆਰਾ ਸੇਧ ਦਿੱਤੀ ਜਾਵੇ।

ਕੋਲਗੇਟ ਦੇ ਲੋਕ ਜਿੱਤਣਾ ਚਾਹੁੰਦੇ ਹਨ ਕਿਉਂਕਿ ਸਾਡਾ ਉਦੇਸ਼ ਬਹੁਤ ਮਹੱਤਵਪੂਰਨ ਹੈ: ਅਸੀਂ ਸਾਰੇ ਲੋਕਾਂ, ਉਨ੍ਹਾਂ ਦੇ ਪਾਲਤੂ ਜਾਨਵਰਾਂ ਅਤੇ ਸਾਡੇ ਗ੍ਰਹਿ ਲਈ ਇੱਕ ਸਿਹਤਮੰਦ ਭਵਿੱਖ ਦੀ ਮੁੜ-ਕਲਪਨਾ ਕਰ ਰਹੇ ਹਾਂ। ਅਸੀਂ ਆਪਣੇ ਕਾਰੋਬਾਰੀ ਨਤੀਜਿਆਂ ਅਤੇ ਉਹਨਾਂ ਨਤੀਜਿਆਂ ਨੂੰ ਪ੍ਰਾਪਤ ਕਰਨ ਦੇ ਤਰੀਕੇ ਵਿੱਚ ਬਹੁਤ ਮਾਣ ਮਹਿਸੂਸ ਕਰਦੇ ਹਾਂ। ਇੱਕ ਉੱਚ ਪ੍ਰਤੀਯੋਗੀ ਬਾਜ਼ਾਰ ਵਿੱਚ ਕੰਮ ਕਰ ਰਹੀ ਇੱਕ ਵਿਸ਼ਵ-ਵਿਆਪੀ ਕੰਪਨੀ ਦੇ ਰੂਪ ਵਿੱਚ, ਖੇਤਰ ਦੇ ਨਾਲ ਵਪਾਰਕ ਦਬਾਅ ਆਉਂਦਾ ਹੈ। ਪਰ ਸ਼ਾਰਟਕੱਟ ਅਪਣਾਉਣ ਜਾਂ ਵਿਹਾਰ ਦੇ ਜ਼ਾਬਤੇ ਦੀ ਉਲੰਘਣਾ ਕਰਨਾ ਕਦੇ ਵੀ ਜਾਇਜ਼ ਨਹੀਂ ਹੁੰਦਾ।

ਸਾਡੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਅਤੇ ਸਾਡੇ ਉਦੇਸ਼ ਨੂੰ ਉੱਚਤਮ ਨੈਤਿਕ ਮਿਆਰਾਂ ਨਾਲ ਅੱਗੇ ਵਧਾਉਣ ਲਈ ਵਚਨਬੱਧ ਹੋਣ ਲਈ ਪਹਿਲਾਂ ਤੋਂ ਹੀ ਧੰਨਵਾਦ, ਜੋ ਸਾਡੀ ਨਿਰੰਤਰ ਵਪਾਰਕ ਸਫਲਤਾ ਲਈ ਮਹੱਤਵਪੂਰਨ ਹੈ।



ਨੋਇਲ ਵਾਲੇਸ (Noel Wallace)
ਚੇਅਰਮੈਨ, ਪ੍ਰੈਜੀਡੈਂਟ ਅਤੇ ਸੀ.ਈ.ਓ.

*"ਸਾਡੀ ਸਫਲਤਾ ਸਹੀ ਤਰੀਕੇ ਨਾਲ ਕੰਮ ਕਰਕੇ ਉੱਚਤਮ ਨੈਤਿਕ ਮਿਆਰਾਂ ਨੂੰ ਕਾਇਮ ਰੱਖਣ ਦੀ ਸਾਡੀ ਯੋਗਤਾ ਵਿੱਚ ਹੈ"।*

# ਵਿਸ਼ਾ ਸੂਚੀ


*ਵਿਵਹਾਰ ਦੇ ਜ਼ਾਬਤੇ ਬਾਰੇ* 4

*ਨੈਤਿਕ ਫੈਸਲੇ ਲੈਣ ਲਈ ਕੁੰਜੀਆਂ* 5

*ਕਾਰੋਬਾਰ ਚਲਾਉਣ ਸਬੰਧੀ ਸੇਧਾਂ* 6

*ਸਾਡਾ ਉਦੇਸ਼ ਅਤੇ ਕਦਰਾਂ-ਕੀਮਤਾਂ* 7

*ਵਿਵਹਾਰ ਦੇ ਜ਼ਾਬਤੇ ਬਾਰੇ ਸਾਡੀ ਜ਼ਿੰਮੇਵਾਰੀ* 9

**ਸਾਡੇ ਰਿਸ਼ਤੇ**

*ਇਕ ਦੂਜੇ ਨਾਲ ਸਾਡਾ ਰਿਸ਼ਤਾ* 11

*ਕੰਪਨੀ ਦੇ ਨਾਲ ਸਾਡਾ ਰਿਸ਼ਤਾ* 14

*ਬਾਹਰੀ ਕਾਰੋਬਾਰੀ ਸੰਸਥਾਵਾਂ ਨਾਲ ਸਾਡਾ ਰਿਸ਼ਤਾ* 24

*ਖਪਤਕਾਰਾਂ ਦੇ ਨਾਲ ਸਾਡਾ ਰਿਸ਼ਤਾ* 27

*ਕਾਨੂੰਨ ਦੇ ਨਾਲ ਸਾਡਾ ਰਿਸ਼ਤਾ* 30

*ਸਮਾਜ ਨਾਲ ਸਾਡਾ ਰਿਸ਼ਤਾ* 38

*ਵਾਤਾਵਰਨ ਨਾਲ ਸਾਡਾ ਰਿਸ਼ਤਾ* 41

*ਸਾਡੇ ਸ਼ੇਅਰਧਾਰਕਾਂ ਨਾਲ ਸਾਡਾ ਰਿਸ਼ਤਾ* 43

**ਆਵਾਜ਼ ਬੁਲੰਦ ਕਰੋ (SPEAK UP)**

*ਆਵਾਜ਼ ਬੁਲੰਦ ਕਨ ਲਈ ਸਾਡੀ ਜ਼ਿੰਮੇਵਾਰੀ* 47

# ਵਿਹਾਰ ਸੰਹਿਤਾ ਬਾਰੇ

ਸਾਡਾ ਵਿਵਹਾਰ ਦਾ ਜ਼ਾਬਤਾ ਇਹ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ ਸੋਮੇ ਦੇ ਤੌਰ 'ਤੇ ਕੰਮ ਕਰਦਾ ਹੈ ਕਿ ਸਾਡੀਆਂ ਰੋਜ਼ਾਨਾ ਕਾਰੋਬਾਰੀ ਅੰਤਰਕਿਰਿਆਵਾਂ ਨੂੰ ਅਖੰਡਤਾ ਨਾਲ ਸੰਚਾਲਿਤ ਕੀਤਾ ਜਾਵੇ। ਜ਼ਾਬਤਾ ਸਾਨੂੰ ਸਾਰਿਆਂ ਨੂੰ ਸਾਫ਼ ਤੌਰ 'ਤੇ ਦੱਸਦਾ ਹੈ ਕਿ ਜਿਸ ਤਰੀਕੇ ਨਾਲ ਅਸੀਂ ਆਪਣੇ ਕਾਰੋਬਾਰੀ ਨਤੀਜਿਆਂ ਨੂੰ ਹਾਸਿਲ ਕਰਦੇ ਹਾਂ, ਉਹ ਮਾਅਨੇ ਰੱਖਦਾ ਹੈ। ਜ਼ਾਬਤਾ ਡਾਇਰੈਕਟਰਾਂ, ਕਾਰਪੋਰੇਟ ਅਫ਼ਸਰਾਂ, ਅਤੇ ਕੰਪਨੀ ਦੇ ਸਾਰੇ ਮੁਲਾਜ਼ਮਾਂ ਅਤੇ ਇਸਦੀਆਂ ਸਹਾਇਕ ਕੰਪਨੀਆਂ ਸਮੇਤ, ਕੋਲਗੇਟ ਨਾਲ ਕੰਮ ਕਰਨ ਵਾਲੇ ਸਾਰੇ ਲੋਕਾਂ 'ਤੇ ਲਾਗੂ ਹੁੰਦਾ ਹੈ। ਵਿਕ੍ਰੇਤਾ ਅਤੇ ਸਪਲਾਇਰ ਵੀ ਇਹੋ-ਜਿਹੀਆਂ ਸ਼ਰਤਾਂ ਹੇਠ ਆਉਂਦੇ ਹਨ, ਕਿਉਂਕਿ ਕੋਲਗੇਟ ਨਾਲ ਕਾਰੋਬਾਰ ਕਰਨ ਲਈ ਕੋਲਗੇਟ ਦੇ ਤੀਜੀ ਧਿਰ ਦੇ ਜ਼ਾਬਤੇ ਦੀ ਪਾਲਣਾ ਕਰਨਾ ਇੱਕ ਸ਼ਰਤ ਹੈ।


ਹਰ ਇੱਕ ਮੁਲਾਜ਼ਮ ਜ਼ਾਬਤੇ, ਕਾਰੋਬਾਰ ਚਲਾਉਣ ਸਬੰਧੀ ਸੇਧਾਂ (Business Practices Guidelines), ਕੰਪਨੀ ਦੀਆਂ ਨੀਤੀਆਂ ਅਤੇ ਲਾਗੂ ਹੋਣ ਵਾਲੇ ਸਾਰੇ ਕਾਨੂੰਨਾਂ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੈ। ਸਾਡੇ ਲਗਾਤਾਰ ਚੱਲਣ ਵਾਲੇ ਕਾਰੋਬਾਰੀ ਸਬੰਧਾਂ ਅਤੇ ਫ਼ੈਸਲੇ ਲੈਣ ਵਿੱਚ ਨੈਤਿਕਤਾ ਅਤੇ ਨੇਕਨੀਅਤੀ ਨੂੰ ਪੂਰੀ ਤਰ੍ਹਾਂ ਸ਼ਾਮਲ ਕਰ ਕੇ, ਅਸੀਂ ਇੱਕ ਅਜਿਹੇ ਸੱਭਿਆਚਾਰ ਪ੍ਰਤੀ ਵਚਨਬੱਧਤਾ ਦਾ ਮੁਜ਼ਾਹਰਾ ਕਰਦੇ ਹਾਂ, ਜੋ ਸਭ ਤੋਂ ਉੱਚੇ ਨੈਤਿਕ ਮਿਆਰਾਂ ਨੂੰ ਵਧਾਵਾ ਦਿੰਦਾ ਹੈ।

ਕੋਲਗੇਟ ਅਣਉਚਿਤ ਜਾਂ ਗੈਰ-ਕਾਨੂੰਨੀ ਵਿਵਹਾਰ ਤੋਂ ਮੁਕਤ ਕਾਰਜ-ਥਾਂ ਬਣਾਉਣ ਲਈ ਵਚਨਬੱਧ ਹੈ, ਜਿਸ ਵਿੱਚ ਲੋਕਾਂ ਨੂੰ ਬਦਲਾਲਊ ਭਾਵਨਾ ਦੇ ਡਰ ਤੋਂ ਬਿਨਾਂ ਕੰਪਨੀ ਨਾਲ ਆਪਣੀਆਂ ਚਿੰਤਾਵਾਂ ਨੂੰ ਸਾਂਝਾ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਕੋਲਗੇਟ ਵਿਖੇ, ਕਿਸੇ ਮੁਲਾਜ਼ਮ, ਪੂਰਵ ਮੁਲਾਜ਼ਮ, ਏਜੰਟ ਜਾਂ ਤੀਜੀ ਪਾਰਟੀ ਦੇ ਖਿਲਾਫ਼ ਕੰਪਨੀ ਦਾ ਵਿਵਹਾਰ ਦਾ ਜ਼ਾਬਤਾ, ਕੰਪਨੀ ਦੀ ਨੀਤੀ ਜਾਂ ਲਾਗੂ ਕਾਨੂੰਨ ਦੀ ਸ਼ੱਕੀ ਉਲੰਘਣਾ ਦੀ ਛਾਣ-ਬੀਣ ਦੀ ਸ਼ਿਕਾਇਤ ਕਰਨ ਬਾਰੇ, ਰਿਪੋਰਟ, ਭਾਗੀਦਾਰੀ ਜਾਂ ਮਦਦ ਕਰਨ ਲਈ ਕੋਈ ਵਿਪਰੀਤ ਕਾਰਵਾਈ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਲਗਾਏ ਗਏ ਦੋਸ਼ ਜਾਂ ਪ੍ਰਦਾਨ ਕੀਤੀ ਜਾਣਕਾਰੀ ਦੇ ਜਾਣਬੁੱਝ ਕੇ ਗ਼ਲਤ ਹੋਣ ਦਾ ਪਤਾ ਨਹੀਂ ਲਗਦਾ ਜਾਂ ਇਹ ਨੇਕ ਨੀਅਤ ਨਹੀਂ ਕੀਤੀ ਜਾਂ ਪ੍ਰਦਾਨ ਨਹੀਂ ਕੀਤੀ ਗਈ ਸੀ। ਵੱਧ ਤੋਂ ਵੱਧ ਸੰਭਵ ਹੱਦ ਤੱਕ, ਕੋਲਗੇਟ ਸਾਰੀਆਂ ਸ਼ਿਕਾਇਤਾਂ ਦੀ ਰਾਜ਼ਦਾਰੀ ਨੂੰ ਕਾਇਮ ਰੱਖੇਗੀ। ਬਦਲਾਲਊ ਭਾਵਨਾ ਦੇ ਸਾਰੇ ਦੋਸ਼ਾਂ ਦੀ ਪੜਤਾਲ ਕੀਤੀ ਜਾਵੇਗੀ, ਅਤੇ ਜੇ ਢੁਕਵਾਂ ਹੋਵੇ ਤਾਂ ਅਨੁਸ਼ਾਸਨ-ਸਬੰਧੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਨੌਕਰੀ ਦੀ ਸਮਾਪਤੀ ਤੱਕ ਅਤੇ ਸਮਾਪਤੀ ਸ਼ਾਮਲ ਹੈ।

ਜ਼ਾਬਤਾ ਔਨਲਾਈਨ ਉਪਲਬਧ ਹੈ ਅਤੇ ਇਸਦਾ ਅਨੁਵਾਦ ਬਤਾਲੀ ਭਾਸ਼ਾਵਾਂ ਵਿੱਚ ਕੀਤਾ ਗਿਆ ਹੈ। ਕੋਲਗੇਟ ਦੇ ਲੋਕਾਂ ਨੂੰ ਜ਼ਾਬਤਾ ਪੜ੍ਹਨ, ਉਸਨੂੰ ਸਮਝਣ ਅਤੇ ਉਸ ਦੀ ਪਾਲਣਾ ਕਰਨ ਦੀ ਲੋੜ ਹੈ। ਸਾਡੀ ਵਚਨਬੱਧਤਾ ਨੂੰ ਪੱਕਾ ਕਰਨ ਲਈ, ਕੋਲਗੇਟ ਦੇ ਲੋਕ ਜ਼ਾਬਤੇ ਸੰਬੰਧੀ ਨਿਰੰਤਰ ਸਿਖਲਾਈ ਪ੍ਰਾਪਤ ਕਰਦੇ ਹਨ ਅਤੇ ਸਾਲਾਨਾ ਆਧਾਰ ਉੱਤੇ ਜ਼ਾਬਤੇ ਦੀ ਆਪਣੀ ਪਾਲਣਾ ਦੀ ਪੁਸ਼ਟੀ ਕਰਦੇ ਹਨ।

# ਨੈਤਿਕ ਫੈਸਲੇ ਲੈਣ ਲਈ ਕੁੰਜੀਆਂ

ਚੰਗੇ ਫੈਸਲੇ ਦੀ ਵਰਤੋਂ ਕਰਕੇ ਅਤੇ ਸਵਾਲ ਪੈਦਾ ਹੋਣ ਵੇਲੇ ਨਿਰਦੇਸ਼ਨ ਦੀ ਮੰਗ ਕਰਕੇ ਜ਼ਾਬਤੇ ਦੀ ਪਾਲਣਾ ਕਰਨਾ ਹੋਰ ਸੌਖਾ ਹੁੰਦਾ ਹੈ। ਜੇ ਤੁਸੀਂ ਕਿਸੇ ਵਿਸ਼ੇਸ਼ ਕਾਰਵਾਈ ਬਾਰੇ ਅਨਿਸ਼ਚਿਤ ਹੋ, ਤਾਂ ਆਪਣੇ-ਆਪ ਨੂੰ ਹੇਠ ਲਿਖਿਆ ਪੁੱਛੋ:




ਜੇ ਜ਼ਾਬਤੇ, ਕਾਰੋਬਾਰ ਚਲਾਉਣ ਸਬੰਧੀ ਸੇਧਾਂ ਜਾਂ ਕਿਸੇ ਸਬੰਧਤ ਕੋਲਗੇਟ ਨੀਤੀ ਜਾਂ ਕਾਰਜਵਿਧੀ ਦੀ ਵਿਆਖਿਆ ਜਾਂ ਪਾਲਣ ਕਰਨ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਤੁਹਾਨੂੰ ਆਪਣੇ ਮੈਨੇਜਰ, ਮਨੁੱਖੀ ਵਸੀਲੇ ਵਿਭਾਗ (Human Resources), ਅੰਤਰਰਾਸ਼ਟਰੀ ਕਨੂੰਨ ਸੰਗਠਨ (Global Legal Organization) ਜਾਂ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ (Global Ethics & Compliance) ਦੇ ਨਾਲ ਸਥਿਤੀ ਦੀ ਚਰਚਾ ਕਰਨੀ ਚਾਹੀਦੀ ਹੈ।

# ਕਾਰੋਬਾਰ ਚਲਾਉਣ ਸਬੰਧੀ ਸੇਧਾਂ

ਕੋਲਗੇਟ ਦੀਆਂ ਕਾਰੋਬਾਰ ਚਲਾਉਣ ਸਬੰਧੀ ਸੇਧਾਂ (Colgate's Business Practices Guidelines) (BPGs) ਕਰਮਚਾਰੀਆਂ ਲਈ ਇੱਕ ਸਰੋਤ ਹਨ ਜੋ ਕੰਪਨੀ ਦੀਆਂ ਸੰਬੰਧਿਤ ਸੇਧਾਂ, ਮਿਆਰਾਂ, ਨੀਤੀਆਂ ਅਤੇ ਅਭਿਆਸਾਂ ਬਾਰੇ ਹੋਰ ਅਤੇ ਵਧੇਰੇ ਵਿਸਤ੍ਰਿਤ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਕਾਰੋਬਾਰ ਚਲਾਉਣ ਸਬੰਧੀ ਸੇਧਾਂ (BPGs) ਡਾਇਰੈਕਟਰਾਂ, ਅਫ਼ਸਰਾਂ, ਅਤੇ ਕੰਪਨੀ ਦੇ ਸਾਰੇ ਮੁਲਾਜ਼ਮਾਂ ਅਤੇ ਇਸਦੀਆਂ ਸਹਾਇਕ ਕੰਪਨੀਆਂ ਸਮੇਤ, ਕੋਲਗੇਟ ਨਾਲ ਕੰਮ ਕਰਨ ਵਾਲੇ ਸਾਰੇ ਲੋਕਾਂ 'ਤੇ ਲਾਗੂ ਹੁੰਦੀਆਂ ਹਨ।

ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ BPGs ਦੇ ਕਿਸੇ ਪਹਿਲੂ, ਜਾਂ ਕਿਸੇ ਸਬੰਧਿਤ ਨੀਤੀਆਂ ਜਾਂ ਲਾਗੂ ਕਾਨੂੰਨਾਂ ਬਾਰੇ ਸ਼ੱਕ ਹੈ, ਤਾਂ ਤੁਹਾਨੂੰ ਅੰਤਰਰਾਸ਼ਟਰੀ ਕਾਨੂੰਨੀ ਸੰਗਠਨ (Global Legal Organization), ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ (Global Ethics and Compliance), ਮਨੁੱਖੀ ਵਸੀਲੇ ਵਿਭਾਗ (Human Resources) ਜਾਂ ਆਪਣੇ ਮੈਨੇਜਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਹੋਰ ਜਾਣਨ ਲਈ, ਕੋਲਗੇਟ ਲੋਕ **ਇੱਥੇ ਕਾਰੋਬਾਰ ਚਲਾਉਣ ਸਬੰਧੀ ਸੇਧਾਂ** ਦੇਖ ਸਕਦੇ ਹਨ।

# ਸਾਡਾ ਉਦੇਸ਼ ਅਤੇ ਕਦਰਾਂ-ਕੀਮਤਾਂ

# ਕੋਲਗੇਟ ਸੱਭਿਆਚਾਰ ਦਾ ਆਰਕੀਟੈਕਚਰ

**ਉਦੇਸ਼: ਅਸੀਂ ਕਿਉਂ ਮੌਜੂਦ ਹਾਂ**

ਅਸੀਂ ਕੋਲਗੇਟ ਹਾਂ, ਇੱਕ ਦੇਖਭਾਲ ਕਰਨ ਵਾਲੀ, ਨਵੀਨਤਾਕਾਰੀ ਵਿਕਾਸ ਕੰਪਨੀ ਹਾਂ ਜੋ ਸਾਰੇ ਲੋਕਾਂ, ਉਹਨਾਂ ਦੇ ਪਾਲਤੂ ਜਾਨਵਰਾਂ ਅਤੇ ਸਾਡੇ ਗ੍ਰਹਿ ਲਈ ਇੱਕ ਸਿਹਤਮੰਦ ਭਵਿੱਖ ਦੀ ਮੁੜ ਕਲਪਨਾ ਕਰ ਰਹੀ ਹੈ।

**ਕਦਰਾਂ-ਕੀਮਤਾਂ: ਅਸੀਂ ਕੌਣ ਹਾਂ**

| ਪਰਵਾਹ ਕਰਨ ਵਾਲੀ | ਵਿਸ਼ਵ-ਵਿਆਪੀ ਟੀਮਵਰਕ | ਲਗਾਤਾਰ ਸੁਧਾਰ |
|---|---|---|

**ਅਗਵਾਈ ਕਰਨ ਦੇ ਸਿਧਾਂਤ: ਅਸੀਂ ਕਿਵੇਂ ਅਗਵਾਈ ਕਰਦੇ ਹਾਂ**

| ਵਿਸ਼ਵਾਸ ਪੈਦਾ ਕਰੋ | ਭਵਿੱਖ ਦੀ ਸਿਰਜਣਾ ਕਰੋ | ਪ੍ਰਭਾਵ ਪਾਉਣ ਲਈ ਵਚਨਬੱਧ ਹੋਵੋ |
|---|---|---|
| ਹਮਦਰਦੀ ਨਾਲ ਸੁਣੋ | ਸਾਡੀ ਉਤਸੁਕਤਾ ਦਾ ਪਿੱਛਾ ਕਰੋ | ਸਪਸ਼ਟਤਾ ਪ੍ਰਦਾਨ ਕਰੋ |
| ਖੁੱਲ੍ਹ ਕੇ ਬੋਲੋ | ਹਿੰਮਤ ਨਾਲ ਤਬਦੀਲੀ ਕਰੋ | ਜ਼ਿੰਮੇਦਾਰੀ ਲਵੋ |
| ਇਕੱਠੇ ਤਰੱਕੀ ਕਰੋ | ਤਰੱਕੀ ਨੂੰ ਪਛਾਣੋ | ਉਹ ਕਰੋ ਜੋ ਸਹੀ ਹੈ |

**F.E.E.D.: ਅਸੀਂ ਕਿਵੇਂ ਕੰਮ ਕਰਦੇ ਹਾਂ**

| ਧਿਆਨ ਕੇਂਦ੍ਰਿਤ ਕਰਕੇ | ਅਧਿਕਾਰਤ | ਪ੍ਰਯੋਗਾਤਮਕ | ਡਿਜੀਟਲ |
|---|---|---|---|
| ਸਾਡੀਆਂ ਰਣਨੀਤਕ ਤਰਜੀਹਾਂ 'ਤੇ | ਅਤੇ ਜਵਾਬਦੇਹ ਟੀਮਾਂ | ਨਵੀਨਤਾ ਅਤੇ ਸਿੱਖਣ ਨੂੰ ਤੇਜ਼ ਕਰਨ ਲਈ | ਕਨੈਕਟ ਅਤੇ ਡਾਟਾ-ਸੰਚਾਲਿਤ |

# ਵਿਵਹਾਰ ਦੇ ਜ਼ਾਬਤੇ ਬਾਰੇ ਸਾਡੀ ਜ਼ਿੰਮੇਵਾਰੀ

## ਕੋਲਗੇਟ ਦੇ ਸਾਰੇ ਲੋਕਾਂ ਦੀ ਭੂਮਿਕਾ:

- ਕੋਲਗੇਟ ਦੀਆਂ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰੋ
- ਸਰਵਉੱਚ ਨੈਤਿਕ ਮਿਆਰਾਂ ਨੂੰ ਬਰਕਰਾਰ ਰੱਖੋ ਅਤੇ ਨੈਤਿਕ ਆਗਵਾਨੀ ਦਾ ਪ੍ਰਦਰਸ਼ਨ ਕਰੋ।
- ਕੋਲਗੇਟ ਦੀਆਂ ਨੀਤੀਆਂ, ਕਾਰੋਬਾਰ ਚਲਾਉਣ ਸਬੰਧੀ ਸੇਧਾਂ ਅਤੇ ਵਿਹਾਰ ਦੇ ਜ਼ਾਬਤੇ ਬਾਰੇ ਜਾਣੋ ਅਤੇ ਇਹਨਾਂ ਦੀ ਪਾਲਣਾ ਕਰੋ।
- ਆਪਣੇ ਆਪ ਨੂੰ ਅਤੇ ਆਪਣੇ ਸਾਥੀਆਂ ਨੂੰ ਨੈਤਿਕ ਵਿਵਹਾਰ ਲਈ ਜਵਾਬਦੇਹ ਰੱਖੋ। ਕੋਲਗੇਟ ਦੀਆਂ ਨੀਤੀਆਂ ਜਾਂ ਵਿਵਹਾਰ ਦੇ ਜ਼ਾਬਤੇ ਨਾਲ ਟਕਰਾਅ ਵਾਲੇ ਵਿਵਹਾਰ ਨੂੰ ਚੁਣੌਤੀ ਦਿਓ।
- ਕਿਸੇ ਮੁੱਦੇ ਜਾਂ ਚਿੰਤਾ ਬਾਰੇ ਆਵਾਜ਼ ਬੁਲੰਦ ਕਰਨ ਵਾਲੇ ਸਹਿਕਰਮੀਆਂ ਵਿਰੁੱਧ ਕਦੇ ਵੀ ਬਦਲੇ ਦੀ ਕਾਰਵਾਈ ਨਾ ਕਰੋ।
- ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ, ਤਾਂ ਸਵਾਲ ਪੁੱਛੋ ਅਤੇ ਆਪਣੇ ਮੈਨੇਜਰ, ਮਨੁੱਖੀ ਵਸੀਲੇ ਵਿਭਾਗ, ਅੰਤਰਰਾਸ਼ਟਰੀ ਕਨੂੰਨ ਸੰਗਠਨ ਜਾਂ ਨੈਤਿਕਤਾ ਅਤੇ ਪਾਲਣਾ ਵਿਭਾਗ ਨਾਲ ਸਲਾਹ-ਮਸ਼ਵਰਾ ਕਰੋ।

## ਕੋਲਗੇਟ ਦੇ ਲੋਕਾਂ ਦੇ ਮੈਨੇਜਰਾਂ ਦੀ ਭੂਮਿਕਾ:

ਅਸੀਂ ਮਿਸਾਲ ਕਾਇਮ ਕਰਨ ਦੁਆਰਾ ਅਤੇ ਠੋਸ ਫੈਸਲੇ ਲੈਣ ਦੀ ਯੋਗਤਾ ਦਾ ਪ੍ਰਦਰਸ਼ਨ ਕਰਨ ਦੁਆਰਾ ਜ਼ਿੰਮੇਵਾਰੀ ਨਾਲ ਅਗਵਾਈ ਕਰਨ ਲਈ ਕੋਲਗੇਟ ਦੇ ਲੋਕਾਂ ਦੇ ਮੈਨੇਜਰਾਂ ਕੋਲੋਂ ਆਸ ਕਰਦੇ ਹਾਂ। ਕੋਲਗੇਟ ਦੇ ਲੋਕਾਂ ਦੇ ਮੈਨੇਜਰਾਂ ਵਜੋਂ ਤੁਹਾਡੀਆਂ ਜ਼ਿੰਮੇਵਾਰੀਆਂ ਵਿੱਚ ਇਹ ਸ਼ਾਮਲ ਹਨ:

- ਇਮਾਨਦਾਰੀ ਨਾਲ ਕੰਮ ਕਰਕੇ, ਦੂਜਿਆਂ ਨਾਲ ਆਦਰ ਨਾਲ ਪੇਸ਼ ਆ ਕੇ ਅਤੇ ਉੱਚਤਮ ਨੈਤਿਕ ਮਿਆਰਾਂ ਦੇ ਰੋਲ ਮਾਡਲ ਵਜੋਂ ਕੰਮ ਕਰਕੇ ਸਹੀ ਮਿਸਾਲ ਕਾਇਮ ਕਰੋ।
- ਨੈਤਿਕ ਕਦਰਾਂ-ਕੀਮਤਾਂ ਦੀ ਮਹੱਤਤਾ ਅਤੇ ਨੈਤਿਕ ਵਿਵਹਾਰ ਪ੍ਰਤੀ ਕੰਪਨੀ ਦੀ ਵਚਨਬੱਧਤਾ 'ਤੇ ਜ਼ੋਰ ਦੇਣਾ।
- ਇੱਕ ਖੁੱਲੇ ਦਰਵਾਜ਼ੇ ਦੀ ਨੀਤੀ ਨੂੰ ਕਾਇਮ ਰੱਖਣਾ।
- ਇੱਕ ਸਕਾਰਾਤਮਕ ਕੰਮ ਦਾ ਮਾਹੌਲ ਬਣਾਉਣਾ ਜਿੱਥੇ ਤੁਹਾਡੀ ਟੀਮ ਚਿੰਤਾਵਾਂ ਨੂੰ ਉਠਾਉਣ, ਸਲਾਹ ਲੈਣ ਜਾਂ ਸ਼ੱਕੀ ਦੁਰਵਿਹਾਰ ਦੀ ਰਿਪੋਰਟ ਕਰਨ ਲਈ ਤੁਹਾਡੇ ਕੋਲ ਆਉਣ ਵਿੱਚ ਆਰਾਮਦਾਇਕ ਮਹਿਸੂਸ ਕਰੇ।
- ਕੰਪਨੀ ਦੀ ਬਦਲਾਲਊ ਭਾਵਨਾ ਵਿਰੋਧੀ ਨੀਤੀ ਦੀ ਪੁਸ਼ਟੀ ਕਰਨਾ।
- ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ, ਤਾਂ ਆਪਣੇ ਮੈਨੇਜਰ, ਮਨੁੱਖੀ ਵਸੀਲੇ ਵਿਭਾਗ, ਅੰਤਰਰਾਸ਼ਟਰੀ ਕਨੂੰਨ ਸੰਗਠਨ ਜਾਂ ਨੈਤਿਕਤਾ ਅਤੇ ਪਾਲਣਾ ਵਿਭਾਗ ਨਾਲ ਸਲਾਹ-ਮਸ਼ਵਰਾ ਕਰੋ।

# ਇਕ ਦੂਜੇ ਨਾਲ ਸਾਡਾ ਰਿਸ਼ਤਾ

## ਅਸੀਂ ਸਫਲ ਕੰਮਕਾਜੀ ਰਿਸ਼ਤੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ

ਅਸੀਂ ਕੰਪਨੀ ਦੀਆਂ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰਕੇ, ਅਤੇ ਆਦਰ ਵਾਲੇ ਸੱਭਿਆਚਾਰ ਨੂੰ ਕਾਇਮ ਰੱਖ ਕੇ ਸਫਲ ਅਤੇ ਸਥਾਈ ਰਿਸ਼ਤੇ ਬਣਾਉਂਦੇ ਹਾਂ।

ਕੋਲਗੇਟ ਵਿਖੇ, ਅਸੀਂ ਆਪਣੇ ਲੋਕਾਂ ਦੀ ਮਜ਼ਬੂਤ ਨਿੱਜੀ ਵਚਨਬੱਧਤਾ 'ਤੇ ਮਾਣ ਕਰਦੇ ਹਾਂ। ਵਚਨਬੱਧਤਾ ਦਾ ਇਹ ਪੱਧਰ ਸਿਰਫ਼ ਵਿਸ਼ਵਾਸ, ਖੁੱਲ੍ਹੀ ਅਤੇ ਇਮਾਨਦਾਰ ਗੱਲਬਾਤ ਅਤੇ ਸਤਿਕਾਰ ਵਾਲੇ ਮਾਹੌਲ ਵਿੱਚ ਪ੍ਰਾਪਤ ਕੀਤਾ ਜਾ ਸਕਦਾ ਹੈ। ਤੁਹਾਡੇ ਸਾਥੀਆਂ, ਤੁਹਾਨੂੰ ਸਿੱਧਿਆਂ ਰਿਪੋਰਟ ਕਰਨ ਵਾਲਿਆਂ ਅਤੇ ਸੁਪਰਵਾਈਜ਼ਰਾਂ ਨਾਲ ਤੁਹਾਡੇ ਸਾਰੇ ਵਿਹਾਰ ਗਠਜੋੜ ਦੇ ਰੂਪ ਵਿੱਚ ਕੀਤੇ ਜਾਣੇ ਚਾਹੀਦੇ ਹਨ, ਜਿਸ ਵਿੱਚ ਹਰ ਵਿਅਕਤੀ ਦਾ ਵਿਹਾਰ ਸਾਡੀਆਂ ਕਦਰਾਂ-ਕੀਮਤਾਂ ਅਤੇ ਸਭ ਤੋਂ ਉੱਚੇ ਨੈਤਿਕ ਮਿਆਰਾਂ ਨੂੰ ਬਣਾਈ ਰੱਖਣ ਲਈ ਪ੍ਰਮੁਖ ਵਚਨਬੱਧਤਾ ਨਾਲ ਚੱਲਦਾ ਹੈ।

ਅਸੀਂ ਇੱਕ ਅਜਿਹੇ ਕਰਮਚਾਰੀ-ਬਲ ਦਾ ਜਸ਼ਨ ਮਨਾਉਂਦੇ ਹਾਂ ਜੋ ਉਸ ਦੁਨੀਆ ਦੀ ਵਿਭਿੰਨਤਾ ਨੂੰ ਦਰਸਾਉਂਦਾ ਹੈ ਜਿਸ ਨੂੰ ਅਸੀਂ ਸੇਵਾ ਦਿੰਦੇ ਹਾਂ। ਅਸੀਂ ਉਹਨਾਂ ਬਹੁਤ ਸਾਰੀਆਂ ਸ਼ਕਤੀਆਂ ਅਤੇ ਪ੍ਰਤਿਭਾਵਾਂ ਨੂੰ ਪਛਾਣਦੇ ਹਾਂ ਜੋ ਸਾਡੇ ਵਿਭਿੰਨ ਕਾਰਜਬਲ ਸੰਗਠਨ ਵਿੱਚ ਲਿਆਉਂਦੇ ਹਨ। ਇਸਦਾ ਮਤਲਬ ਹੈ ਕਿ ਦੂਜੇ ਦ੍ਰਿਸ਼ਟੀਕੋਣਾਂ ਨੂੰ ਸਵੀਕਾਰ ਕਰਨਾ ਅਤੇ ਉਹਨਾਂ ਸੱਭਿਆਚਾਰਾਂ, ਵਿਚਾਰਾਂ ਜਾਂ ਜੀਵਨਸ਼ੈਲੀ ਦਾ ਆਦਰ ਕਰਨਾ ਜੋ ਤੁਹਾਡੇ ਆਪਣੇ ਨਾਲੋਂ ਵੱਖਰੇ ਹੋ ਸਕਦੇ ਹਨ।

ਤੁਹਾਡੇ ਨਾਲ ਕੰਮ ਕਰਨ ਵਾਲੇ ਲੋਕਾਂ ਨਾਲ ਤੁਹਾਡੇ ਸਬੰਧ ਨੂੰ ਸਾਊਪੁਣੇ, ਨਿਰਪੱਖਤਾ ਅਤੇ ਨੇਕਨੀਅਤੀ ਦੀ ਮਿਸਾਲ ਕਾਇਮ ਕਰਕੇ ਨੈਤਿਕ ਵਿਵਹਾਰ ਨੂੰ ਵਧਾਵਾ ਦੇਣਾ ਚਾਹੀਦਾ ਹੈ। ਆਗੂਆਂ ਵਜੋਂ, ਅਸੀਂ ਸਾਰੇ ਕਾਰਗੁਜ਼ਾਰੀ ਦੇ ਉਚੇਰੇ ਮਿਆਰਾਂ ਨੂੰ ਕਾਇਮ ਰੱਖਣ ਅਤੇ ਇੱਕ ਅਜਿਹਾ ਮਾਹੌਲ ਸਿਰਜਣ ਲਈ ਜ਼ਿੰਮੇਵਾਰ ਹਾਂ, ਜੋ ਟੀਮਵਰਕ, ਸਤਿਕਾਰ ਭਰੇ ਕੰਮ ਕਰਨ ਦੇ ਸਥਾਨ ਅਤੇ ਨੈਤਿਕ ਵਿਹਾਰ ਨੂੰ ਵਧਾਏ।

## ਅਸੀਂ ਕੋਲਗੇਟ ਦੇ ਲੋਕਾਂ ਕਦਰ ਕਰਦੇ ਹਾਂ

ਸਾਡੇ ਲੋਕਾਂ ਲਈ ਕੋਲਗੇਟ ਦੀ ਵਚਨਬੱਧਤਾ ਵਿਅਕਤੀਗਤ ਅਤੇ ਟੀਮ ਦੀ ਪ੍ਰਾਪਤੀ ਨੂੰ ਇਨਾਮ ਦੇਣ ਅਤੇ ਉਤਸ਼ਾਹਤ ਕਰਨ ਦੇ ਵੱਖ ਵੱਖ ਪ੍ਰੋਗਰਾਮਾਂ ਰਾਹੀਂ ਪ੍ਰਦਰਸ਼ਿਤ ਕੀਤੀ ਜਾਂਦੀ ਹੈ। ਤੁਹਾਨੂੰ ਆਪਣੀ ਸੰਪੂਰਨ ਸਮਰੱਥਾ ਹਾਸਲ ਕਰਨ ਲਈ ਅਤੇ ਕੰਪਨੀ ਦੀ ਕਾਮਯਾਬੀ ਵਿੱਚ ਸਾਰਥਕ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਅੰਤ ਵਿੱਚ, ਇਹ ਸਾਡੀ ਸ਼ਕਤੀ ਹੈ ਜੋ ਸਾਡੀ ਕੰਪਨੀ ਦੀ ਸਫਲਤਾ ਨੂੰ ਸੰਭਵ ਬਣਾਉਂਦੀ ਹੈ।

***ਕੋਲਗੇਟ-ਪਾਮੋਲਿਵ ਕੰਪਨੀ ਕਿਸੇ ਵੀ ਕਰਮਚਾਰੀ ਜਾਂ ਰੁਜ਼ਗਾਰ ਲਈ ਬਿਨੈਕਾਰ ਦੇ ਖਿਲਾਫ਼ ਨਿਮਨਲਿਖਤ ਦੇ ਆਧਾਰ 'ਤੇ ਪੱਖਪਾਤ ਕੀਤੇ ਜਾਣ ਦੀ ਮਨਾਹੀ ਕਰਦੀ ਹੈ:***

- ਨਸਲ ਜਾਂ ਜਾਤੀ
- ਰੰਗ
- ਧਰਮ
- ਲਿੰਗ ਜਾਂ ਲਿੰਗੀ ਪਛਾਣ
- ਰਾਸ਼ਟਰੀ ਮੂਲ
- ਨਾਗਰਿਕਤਾ
- ਉਮਰ
- ਗਰਭ-ਅਵਸਥਾ
- ਜਿਨਸੀ ਰੁਝਾਨ
- ਅਪਾਹਜਤਾ
- ਸਾਬਕਾ-ਫੌਜ਼ੀ ਦਾ ਦਰਜਾ
- ਵਿਆਹੁਤਾ ਜਾਂ ਪਰਿਵਾਰਕ ਦਰਜਾ
- ਘਰੇਲੂ ਹਿੰਸਾ ਦੇ ਸ਼ਿਕਾਰ ਵਜੋਂ ਦਰਜਾ
- ਕਾਨੂੰਨ ਦੁਆਰਾ ਸੁਰੱਖਿਅਤ ਕੋਈ ਹੋਰ ਵਿਸ਼ੇਸ਼ਤਾ

ਇਸ ਵਿੱਚ ਸ਼ਾਮਲ ਹੈ ਭਰਤੀ, ਕੰਮ 'ਤੇ ਰੱਖਣਾ, ਤਰੱਕੀ, ਤਬਾਦਲਾ, ਮੁਆਵਜ਼ਾ, ਸਿਖਲਾਈ, ਅਹੁਦਾ-ਘਟਾਉਣਾ ਜਾਂ ਨੌਕਰੀ ਤੋਂ ਕੱਢਣਾ, ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹੈ।

ਕੋਲਗੇਟ ਦੇ ਲੋਕ ourcolgate.com ਉੱਤੇ **ਕੰਪਨੀ ਦੀ ਬਰਾਬਰ ਰੁਜ਼ਗਾਰ ਮੌਕਾ ਅਤੇ ਤੰਗ-ਪਰੇਸ਼ਾਨ ਕਰਨ ਵਿਰੋਧੀ ਨੀਤੀ (Company's Equal Employment Opportunity and Anti-Harassment Policy)** ਦੇਖ ਕੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਸੰਮਿਲਨ ਦੀ ਅਹਿਮੀਅਤ ਸਾਡੀ ਕੰਪਨੀ ਦੇ ਸੱਭਿਆਚਾਰ, ਰਵਾਇਤਾਂ ਅਤੇ ਕੰਮ ਕਰਨ ਦੇ ਸਥਾਨ 'ਤੇ ਸਤਿਕਾਰ ਦੀਆਂ ਨੀਤੀਆਂ ਵਿੱਚੋਂ ਝਲਕਦੀ ਹੈ। ਅਸੀਂ ਸੰਮਿਲਤ ਕਰਨ ਵਾਲਾ ਕੰਮ ਕਰਨ ਦਾ ਮਾਹੌਲ ਬਣਾਈ ਰੱਖਦੇ ਹਾਂ ਅਤੇ ਆਪਣੀ ਮਨੁੱਖੀ-ਸ਼ਕਤੀ ਵਿੱਚ ਸਾਰੇ ਪਿਛੋਕੜਾਂ ਦੇ ਲੋਕਾਂ ਨੂੰ ਆਕਰਸ਼ਤ ਕਰਕੇ ਅਤੇ ਬਣਾਈ ਰੱਖਕੇ ਸ੍ਰੇਸ਼ਠਤਾ ਹਾਸਿਲ ਕਰਦੇ ਹਾਂ। ਸਾਡੀ ਕੰਪਨੀ ਵਿਭਿੰਨਤਾ ਦੀ ਕਦਰ ਕਰਦੀ ਹੈ ਅਤੇ ਅਸੀਂ ਇੱਕ ਅਜਿਹੀ ਕੰਮ ਵਾਲੀ ਥਾਂ ਲਈ ਵਚਨਬੱਧ ਹਾਂ ਜਿੱਥੇ ਕਰਮਚਾਰੀਆਂ ਨਾਲ ਪ੍ਰਬੰਧਨ ਅਤੇ ਸਹਿਕਰਮੀਆਂ ਦੋਵਾਂ ਦੁਆਰਾ ਨਿਰਪੱਖ ਅਤੇ ਬਰਾਬਰ ਦਾ ਵਿਵਹਾਰ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਆਪਣੇ ਵਿਚਾਰਾਂ ਅਤੇ ਰਾਏ ਨੂੰ ਪ੍ਰਗਟ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸਾਡੇ ਸਾਰੇ ਕਰਮਚਾਰੀ ਇੱਕ ਅਜਿਹੇ ਸੱਭਿਆਚਾਰ ਪ੍ਰਤੀ ਸਾਡੀ ਵਚਨਬੱਧਤਾ ਨੂੰ ਬਰਕਰਾਰ ਰੱਖਣਗੇ ਜਿੱਥੇ ਆਦਰਯੋਗ ਵਿਵਹਾਰ ਆਦਰਸ਼ ਹੈ। **ਵਿਭਿੰਨਤਾ, ਸਮਾਨਤਾ ਅਤੇ ਸੰਮਿਲਨ ਬਾਰੇ ਕੰਪਨੀ ਦੀ ਰਿਪੋਰਟ** ਦੇਖ ਕੇ ਸਾਡੀਆਂ ਵਿਭਿੰਨਤਾ ਪਹਿਲਕਦਮੀਆਂ ਬਾਰੇ ਹੋਰ ਜਾਣੋ।

- ਲਾਗੂ ਹੋਣ ਵਾਲੇ ਕਨੂੰਨ ਦੀ ਪਾਲਣਾ ਕਰਦੇ ਹੋਏ, ਅਸੀਂ ਕੰਮ ਵਾਲੀ ਥਾਂ ਵਿੱਚ ਜਾਂ ਕੰਪਨੀ ਦਾ ਕੰਮਕਾਜ ਕਰਦਿਆਂ ਕਿਸੇ ਵੀ ਵਿਅਕਤੀ ਵੱਲੋਂ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਜਾਂ ਕੋਲਗੇਟ ਨਾਲ ਕਾਰੋਬਾਰ ਕਰਨ ਵਾਲੀਆਂ ਤੀਜੀਆਂ ਧਿਰਾਂ ਨੂੰ ਜਿਨਸੀ ਜਾਂ ਕਿਸੇ ਹੋਰ ਤਰੀਕੇ ਨਾਲ ਤੰਗ-ਪਰੇਸ਼ਾਨ ਕੀਤੇ ਜਾਣ ਤੋਂ ਮਨ੍ਹਾ ਕਰਦੇ ਹਾਂ।
- ਕੰਪਨੀ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ, ਅਸੀਂ ਕਾਰਜਸਥਾਨ ਵਿੱਚ ਪੱਖਪਾਤ ਜਾਂ ਪੱਖਪਾਤ ਦੀ ਝਲਕ ਦੀ ਮਨਾਹੀ ਕਰਦੇ ਹਾਂ।
- ਅਸੀਂ ਬੱਚਿਆਂ ਤੋਂ ਕੰਮ ਨਹੀਂ ਕਰਾਉਂਦੇ। ਬਾਲ-ਮਜ਼ਦੂਰੀ ਨੂੰ ਕਿਸੇ ਵੀ ਸਬੰਧਤ ਅਧਿਕਾਰ-ਖੇਤਰ ਵਿੱਚ ਕਾਨੂੰਨ ਵੱਲੋਂ ਪ੍ਰਵਾਨ ਕੀਤੀ ਗਈ ਘੱਟ ਤੋਂ ਘੱਟ ਉਮਰ ਤੋਂ ਛੋਟੇ ਵਿਅਕਤੀ ਨੂੰ ਰੋਜ਼ਗਾਰ ਦੇਣ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਗਿਆ ਹੈ। ਪਰ, ਕਿਸੇ ਵੀ ਸਥਿਤੀ ਵਿੱਚ ਅਸੀਂ ਜਾਣ-ਬੁੱਝ ਕੇ ਸੋਲ੍ਹਾਂ (16) ਸਾਲ ਤੋਂ ਹੇਠਾਂ ਦੀ ਉਮਰ ਦੇ ਵਿਅਕਤੀ ਨੂੰ ਕੰਮ 'ਤੇ ਨਹੀਂ ਰੱਖਾਂਗੇ।
- ਅਸੀਂ ਕੰਮ ਵਾਲੀ ਥਾਂ ਤੋਂ ਸੰਭਵ ਜੋਖਮਾਂ ਨੂੰ ਖ਼ਤਮ ਕਰਨ ਅਤੇ ਲਾਗੂ ਹੋਣ ਵਾਲੀ ਸਾਰੀ ਕਾਰ-ਵਿਹਾਰੀ ਸੁਰੱਖਿਆ ਅਤੇ ਸਿਹਤ ਸਬੰਧੀ ਕਾਨੂੰਨਾਂ ਅਤੇ ਮਿਆਰਾਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਦੇ ਹਾਂ।
- ਅਸੀਂ ਕੰਪਨੀ ਦੀ ਸੰਪਤੀ ਉੱਤੇ (ਵਾਹਨਾਂ ਸਮੇਤ) ਜਾਂ ਕੰਪਨੀ ਦੇ ਕੰਮ ਦੇ ਸਮੇਂ 'ਤੇ ਗ਼ੈਰਕਾਨੂੰਨੀ ਨਸ਼ੀਲੀਆਂ ਦਵਾਈਆਂ ਜਾਂ ਨਸ਼ੀਲੀਆਂ ਦਵਾਈਆਂ ਨਾਲ ਸੰਬੰਧਿਤ ਪਦਾਰਥਾਂ ਨੂੰ ਰੱਖਣ, ਵਰਤਣ, ਵਿਕਰੀ ਕਰਨ ਜਾਂ ਸਥਾਨਅੰਤਰਿਤ ਕਰਨ ਅਤੇ ਤਜਵੀਜ਼ਸ਼ੁਦਾ ਦਵਾਈਆਂ ਦੀ ਦੁਰਵਰਤੋਂ ਕਰਨ ਦੀ ਮਨਾਹੀ ਕਰਦੇ ਹਾਂ;
- ਅਸੀਂ ਸ਼ਰਾਬ ਜਾਂ ਹੋਰ ਨਸ਼ੀਲੀਆਂ ਦਵਾਈਆਂ ਦੇ ਪ੍ਰਭਾਵ ਤਹਿਤ ਕੰਪਨੀ ਦੇ ਕਾਰੋਬਾਰ ਨੂੰ ਚਲਾਉਣ ਦੀ ਮਨਾਹੀ ਕਰਦੇ ਹਾਂ;
- ਅਸੀਂ ਕੰਪਨੀ ਦੀ ਸੰਪਤੀ ਉੱਤੇ ਜਾਂ ਸਮੇਂ ਉੱਤੇ ਨਸ਼ੀਲੀਆਂ ਦਵਾਈਆਂ ਜਾਂ ਸ਼ਰਾਬ ਦੀ ਦੁਰਵਰਤੋਂ, ਹਿੰਸਾ ਜਾਂ ਗ਼ੈਰਕਾਨੂੰਨੀ ਤੌਰ 'ਤੇ ਹਥਿਆਰ ਰੱਖਣ ਦੀ ਕਿਸੇ ਵੀ ਘਟਨਾ ਬਾਰੇ ਮਨੁੱਖੀ ਵਸੀਲੇ ਵਿਭਾਗ, ਅੰਤਰਰਾਸ਼ਟਰੀ ਸੁਰੱਖਿਆ ਵਿਭਾਗ, ਅੰਤਰਰਾਸ਼ਟਰੀ ਕਨੂੰਨ ਸੰਗਠਨ, ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਜਾਂ ਪ੍ਰਬੰਧਕਾਂ ਨੂੰ ਫ਼ੌਰਨ ਦੱਸਣ ਦੀ ਮੰਗ ਕਰਦੇ ਹਾਂ;
- ਅਸੀਂ ਸਥਾਨਕ ਕਾਨੂੰਨ ਮੁਤਾਬਕ ਕੰਪਨੀ ਦੀਆਂ ਥਾਵਾਂ ਵਿੱਚ ਜਾਂ ਕੋਲਗੇਟ ਦਾ ਕੰਮਕਾਜ ਕਰਨ ਵੇਲੇ ਹਥਿਆਰ/ਅਸਲਾ, ਵਿਸਫੋਟਕ ਉਪਕਰਣ ਜਾਂ ਗੋਲੀ-ਸਿੱਕਾ ਰੱਖਣ ਜਾਂ ਵਰਤਣ ਦੀ ਮਨਾਹੀ ਕਰਦੇ ਹਾਂ। ਸੁਰੱਖਿਆ ਅਮਲੇ ਨੂੰ ਹਥਿਆਰ ਰੱਖਣ ਦਾ ਇਖ਼ਤਿਆਰ ਦਿੱਤਾ ਜਾ ਸਕਦਾ ਹੈ, ਜਦੋਂ ਕੋਲਗੇਟ ਅਤੇ ਇਸਦੇ ਲੋਕਾਂ ਦੀ ਰਾਖੀ ਅਤੇ ਸੁਰੱਖਿਆ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਮੰਨਿਆ ਜਾਂਦਾ ਹੈ।
- ਅਸੀਂ ਅਜਿਹੇ ਕਿਸੇ ਵੀ ਕਾਰਜਾਂ ਦੀ ਮਨਾਹੀ ਕਰਦੇ ਹਾਂ ਜਿੰਨ੍ਹਾਂ ਨੂੰ ਹਿੰਸਕ, ਧਮਕਾਊ, ਅਪਮਾਨਜਨਕ, ਡਰਾਊ ਸਮਝਿਆ ਜਾ ਸਕਦਾ ਹੈ ਜਾਂ ਜੋ ਕਿਸੇ ਹੋਰ ਵਿਅਕਤੀ-ਵਿਸ਼ੇਸ਼ ਦੇ ਅਸੁਰੱਖਿਅਤ ਮਹਿਸੂਸ ਕਰਨ ਦਾ ਕਾਰਨ ਬਣ ਸਕਦੇ ਹਨ।

ਜੇ ਕਾਰਜ-ਸਥਾਨ 'ਤੇ ਅਸਰ ਪਾਉਣ ਵਾਲੀਆਂ ਕਿਸੇ ਵੀ ਧਮਕੀਆਂ ਜਾਂ ਹਿੰਸਕ ਕਾਰਜਾਂ ਨੂੰ ਲੈਕੇ ਤੁਹਾਡੇ ਕੋਈ ਸ਼ੰਕੇ ਹਨ, ਤਾਂ ਗਲੋਬਲ ਸਕਿਊਰਿਟੀ ਨਾਲ ਤੁਰੰਤ +1 212-310-3333 'ਤੇ ਸੰਪਰਕ ਕਰੋ।

# ਕੰਪਨੀ ਦੇ ਨਾਲ ਸਾਡਾ ਰਿਸ਼ਤਾ

ਅਸੀਂ ਉਨ੍ਹਾਂ ਸਾਰੀਆਂ ਸਥਿਤੀਆਂ ਵਿੱਚ ਅਖੰਡਤਾ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਮਜ਼ਬੂਤ ਬਣਦੇ ਹਾਂ ਜਿਸ ਵਿੱਚ ਅਸੀਂ ਕੰਪਨੀ ਦੀ ਤਰਫ਼ੋਂ ਰੁੱਝੇ ਹੋਏ ਹੁੰਦੇ ਹਾਂ।

## ਅਸੀਂ ਹਿੱਤਾਂ ਦੇ ਟਕਰਾਅ ਨੂੰ ਟਾਲਦੇ ਹਾਂ

ਤੁਹਾਡਾ ਫ਼ੈਸਲਾ ਤੁਹਾਡੀਆਂ ਸਭ ਤੋਂ ਵਡਮੁੱਲੀਆਂ ਪੂੰਜੀਆਂ ਵਿਚੋਂ ਇੱਕ ਹੈ। ਤੁਹਾਨੂੰ ਕਿਸੇ ਵੀ ਅਜਿਹੀ ਸਰਗਰਮੀ ਜਾਂ ਸਬੰਧ ਤੋਂ ਬਚਣਾ ਚਾਹੀਦਾ ਹੈ, ਜੋ ਕੰਪਨੀ ਲਈ ਜਾਂ ਕੰਪਨੀ ਨਾਲ ਕਾਰੋਬਾਰ ਚਲਾਉਣ ਵਿੱਚ ਤੁਹਾਡੀ ਨਿਰਪੱਖਤਾ ਜਾਂ ਨਿਰਪੱਖ ਨਿਰਣੇ ਦੇ ਵਿਰੁੱਧ ਜਾਂਦੇ ਹਨ ਜਾਂ ਇਸ ਨਾਲ ਸਮਝੌਤਾ ਕਰਦੇ ਨਜ਼ਰ ਆਉਂਦੇ ਹਨ। ਬਹੁਤ ਸਾਰੀਆਂ ਸਥਿਤੀਆਂ ਵਿੱਚ ਟਕਰਾਅ ਹੋ ਸਕਦੇ ਹਨ। ਇਥੇ ਸਾਰਿਆਂ ਬਾਰੇ ਗੱਲ ਕਰਨਾ ਸੰਭਵ ਨਹੀਂ ਹੈ, ਅਤੇ ਹਮੇਸ਼ਾ ਢੁਕਵੀਂ ਅਤੇ ਅਣਉਚਿਤ ਸਰਗਰਮੀ ਵਿਚਕਾਰ ਫ਼ਰਕ ਕਰਨਾ ਅਸਾਨ ਨਹੀਂ ਹੋਏਗਾ। ਜਦੋਂ ਸ਼ੰਕਾ ਹੋਵੇ, ਤਾਂ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਆਪਣੇ ਮੈਨੇਜਰ, ਮਨੁੱਖੀ ਵਸੀਲੇ ਵਿਭਾਗ, ਅੰਤਰਰਾਸ਼ਟਰੀ ਕਨੂੰਨ ਸੰਗਠਨ, ਜਾਂ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਨਾਲ ਸਲਾਹ-ਮਸ਼ਵਰਾ ਕਰੋ।

### ਨਿਵੇਸ਼

ਕੋਈ ਵੀ ਅਜਿਹਾ ਨਿਵੇਸ਼ ਨਾ ਕਰੋ, ਜੋ ਤੁਹਾਡੇ ਕਾਰੋਬਾਰੀ ਫ਼ੈਸਲਿਆਂ 'ਤੇ ਅਸਰ ਪਾ ਸਕਦਾ ਹੈ। ਕੰਪਨੀ ਦੀ ਨੀਤੀ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਅਜਿਹੀ ਕੰਪਨੀ ਦੇ ਸ਼ੇਅਰ ਵੱਡੀ ਮਾਤਰਾ ਵਿੱਚ ਖ਼ਰੀਦਣ ਜਾਂ ਮਾਲਕੀ ਸਬੰਧੀ ਹਿੱਤ ਰੱਖਣ ਤੋਂ ਮਨ੍ਹਾ ਕਰਦੀ ਹੈ, ਜਿਹੜੀ ਕੋਲਗੇਟ ਨਾਲ ਮੁਕਾਬਲੇਬਾਜ਼ੀ ਜਾਂ ਕਾਰੋਬਾਰ ਕਰ ਰਹੀ ਹੈ। ਇਹ ਮਨਾਹੀ ਸਾਰਵਜਨਿਕ ਕਾਰੋਬਾਰੀ ਕੰਪਨੀ ਦੇ ਸ਼ੇਅਰਾਂ ਦੀ ਛੋਟੀ ਮਾਤਰਾ (ਆਮ ਤੌਰ 'ਤੇ 1% ਤੋਂ ਘੱਟ) ਦੀ ਮਾਲਕੀ 'ਤੇ ਲਾਗੂ ਨਹੀਂ ਹੁੰਦੀ, ਬਸ਼ਰਤੇ ਕਿ ਨਿਵੇਸ਼ ਮਾਲੀ ਤੌਰ 'ਤੇ ਏਨਾ ਅਹਿਮ ਨਾ ਹੋਵੇ, ਕਿ ਜਿਸ ਨਾਲ ਹਿੱਤ ਦੇ ਟਕਰਾਅ ਦਾ ਪ੍ਰਗਟਾਵਾ ਹੁੰਦਾ ਹੋਵੇ। ਜੇ ਤੁਸੀਂ ਕੋਲਗੇਟ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸੰਭਵ ਮਨਾਹੀ ਵਾਲਾ ਨਿਵੇਸ਼ ਕੀਤਾ ਸੀ, ਤਾਂ ਅੰਤਰਰਾਸ਼ਟਰੀ ਕਨੂੰਨ ਸੰਗਠਨ, ਜਾਂ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਨਾਲ ਸੰਪਰਕ ਕਰੋ।

### ਪਰਿਵਾਰ

ਹੋ ਸਕਦਾ ਹੈ ਤੁਸੀਂ ਆਪਣੇ ਆਪ ਨੂੰ ਕਿਸੇ ਅਜਿਹੀ ਪ੍ਰਸਥਿਤੀ ਵਿੱਚ ਪਾਵੋਂ ਜਿੱਥੇ ਤੁਹਾਡਾ ਪਤੀ/ਪਤਨੀ ਜਾਂ ਕੋਈ ਹੋਰ ਨਜ਼ਦੀਕੀ ਪਰਿਵਾਰਕ ਮੈਂਬਰ ਕੋਲਗੇਟ ਦੇ ਮੁਕਾਬਲੇਬਾਜ਼ਾਂ, ਗਾਹਕਾਂ ਜਾਂ ਸਪਲਾਈ ਕਰਤਾਵਾਂ ਵਿੱਚੋਂ ਇੱਕ ਹੈ (ਜਾਂ ਇਹਨਾਂ ਵੱਲੋਂ ਨੌਕਰੀ 'ਤੇ ਰੱਖਿਆ ਹੋਇਆ ਹੈ)। ਅਜਿਹੀਆਂ ਪ੍ਰਸਥਿਤੀਆਂ ਦੀ ਮਨਾਹੀ ਨਹੀਂ ਹੈ, ਪਰ ਇਹ ਸੰਭਾਵੀ ਸੁਰੱਖਿਆ, ਗੁਪਤਤਾ ਅਤੇ ਹਿੱਤ ਦੇ ਟਕਰਾਵਾਂ ਸੰਬੰਧੀ ਚਿੰਤਾਵਾਂ ਨੂੰ ਹੱਲ ਕਰਨ ਲਈ ਵਾਧੂ ਸੰਵੇਦਨਸ਼ੀਲਤਾ ਦੀ ਮੰਗ ਕਰਦੀਆਂ ਹਨ। ਚਾਹੇ ਪ੍ਰਸਥਿਤੀ ਤੁਹਾਨੂੰ ਕਿੰਨੀ ਵੀ ਨੁਕਸਾਨਰਹਿਤ ਨਜ਼ਰ ਆਉਂਦੀ ਹੋਵੇ, ਪਰ ਇਹ ਤੁਹਾਡੇ ਨਾਲ ਦੇ ਸਾਥੀਆਂ ਵਿੱਚ ਸ਼ੰਕੇ ਉਠਾ ਸਕਦੀ ਹੈ ਜੋ ਤੁਹਾਡੇ ਕੰਮਕਾਜ਼ੀ ਰਿਸ਼ਤਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਹਿੱਤ ਦੇ ਟਕਰਾਅ ਦਾ ਸਿਰਫ਼ ਨਜ਼ਰ ਆ ਜਾਣਾ ਹੀ ਸਮੱਸਿਆਵਾਂ ਦੀ ਸਿਰਜਣਾ ਕਰ ਸਕਦਾ ਹੈ, ਚਾਹੇ ਤੁਹਾਡੇ ਵਿਵਹਾਰ ਦੀ ਉਚਿਤਤਾ ਜੋ ਵੀ ਹੋਵੇ।

ਅਜਿਹੇ ਮਸਲਿਆਂ ਤੋਂ ਬਚਣ ਲਈ, ਤੁਹਾਨੂੰ ਆਪਣੀ ਵਿਸ਼ੇਸ਼ ਪ੍ਰਸਥਿਤੀ ਦੀ ਆਪਣੇ ਮੈਨੇਜਰ, ਅੰਤਰਰਾਸ਼ਟਰੀ ਕਨੂੰਨ ਸੰਗਠਨ ਜਾਂ 'ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ' ਵਿਭਾਗ ਨਾਲ ਸਮੀਖਿਆ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਕਿਸੇ ਵੀ ਸ਼ੰਕਿਆਂ ਦੀ ਪ੍ਰਵਿਰਤੀ ਅਤੇ ਪਾਸਾਰ ਤੱਕ ਦਾ ਮੁਲਾਂਕਣ ਕੀਤਾ ਜਾ ਸਕੇ ਅਤੇ ਉਚਿਤ ਨਿਪਟਾਰੇ ਬਾਰੇ ਨਿਰਣਾ ਕੀਤਾ ਜਾ ਸਕੇ।

### ਹੋਰ ਕੰਮ

ਕੋਲਗੇਟ ਵਾਸਤੇ ਕੰਮ ਕਰਦੇ ਸਮੇਂ, ਕੋਲਗੇਟ ਦੇ ਲੋਕ ਕਿਸੇ ਮੁਕਾਬਲੇਬਾਜ਼ ਕੰਪਨੀ ਜਾਂ ਕੋਲਗੇਟ ਨਾਲ ਕਾਰੋਬਾਰ ਕਰਨ ਵਾਲੀਆਂ ਕਿਸੇ ਵੀ ਤੀਜੀਆਂ ਧਿਰਾਂ ਵਾਸਤੇ ਕੰਮ ਨਹੀਂ ਕਰ ਸਕਦੇ ਜਾਂ ਉਹਨਾਂ ਨੂੰ ਸਹਾਇਤਾ ਪ੍ਰਦਾਨ ਨਹੀਂ ਕਰਵਾ ਸਕਦੇ। ਇਸਤੋਂ ਇਲਾਵਾ, ਆਪਣੀ ਡਿਵੀਜ਼ਨ ਦੇ ਪ੍ਰੈਜ਼ੀਡੈਂਟ (Division President) ਜਾਂ ਕੰਮਕਾਜ ਵੇਖਣ ਵਾਲੇ ਮੁਖੀ (Function head) ਤੋਂ ਇਖ਼ਤਿਆਰ ਹਾਸਿਲ ਕੀਤੇ ਬਿਨਾ ਕੰਪਨੀ ਦੇ ਸਮੇਂ, ਸਹੂਲਤਾਂ, ਚੀਜ਼ਾਂ, ਬ੍ਰਾਂਡਾਂ ਜਾਂ ਲੋਗੋ ਦੀ ਵਰਤੋਂ ਬਾਹਰ ਦੇ ਕੰਮਾਂ ਲਈ ਨਾ ਕਰੋ, ਜੋ ਕੋਲਗੇਟ ਵਿੱਚ ਤੁਹਾਡੀ ਨੌਕਰੀ ਨਾਲ ਸਬੰਧਿਤ ਨਹੀਂ ਹਨ।

## ਵਿਅਕਤੀਗਤ

ਕੋਲਗੇਟ ਸਮਝਦੀ ਹੈ ਅਤੇ ਕੋਲਗੇਟ ਦੇ ਲੋਕਾਂ ਦੇ ਆਪਣੇ ਕਾਰਜ-ਸਥਾਨ ਵਿੱਚ ਉਹਨਾਂ ਲੋਕਾਂ ਨਾਲ ਮੇਲਜੋਲ ਕਰਨ ਦੇ ਅਧਿਕਾਰਾਂ ਦਾ ਆਦਰ ਕਰਦੀ ਹੈ ਜਿੰਨ੍ਹਾਂ ਨਾਲ ਉਹਨਾਂ ਦਾ ਵਾਸਤਾ ਪੈਂਦਾ ਹੈ। ਪਰ, ਨਿੱਜੀ ਸੰਬੰਧ ਹਿੱਤਾਂ ਦੇ ਟਕਰਾਅ ਪੈਦਾ ਕਰ ਸਕਦੇ ਹਨ, ਅਤੇ ਸਾਨੂੰ ਇਹ ਯਕੀਨੀ ਬਣਾਉਣ ਲਈ ਵਧੀਆ ਨਿਰਣੇ ਦੀ ਵਰਤੋਂ ਕਰਨੀ ਚਾਹੀਦੀ ਹੈ ਕਿ ਅਜਿਹੇ ਰਿਸ਼ਤੇ:

- ਨੌਕਰੀ ਦੇ ਪ੍ਰਦਰਸ਼ਨ 'ਤੇ ਨਕਾਰਾਤਮਕ ਅਸਰ ਨਾ ਪਾਉਂਦੇ ਹੋਣ
- ਹੋਰਨਾਂ ਦੀ ਨਿਗਰਾਨੀ ਕਰਨ ਦੀ ਯੋਗਤਾ ਵਿੱਚ ਰੁਕਾਵਟ ਨਾ ਬਣਦੇ ਹੋਣ
- ਕੰਮਕਾਜ਼ੀ ਵਾਤਾਵਰਣ ਵਿੱਚ ਖਲਲ ਪੈਦਾ ਨਾ ਕਰਦੇ ਹੋਣ
- ਪੱਖਪਾਤ ਦੇ ਪ੍ਰਭਾਵ ਦੀ ਸਿਰਜਣਾ ਨਾ ਕਰਦੇ ਹੋਣ

ਕੰਮ ਵਾਲੀ ਥਾਂ ਵਿੱਚ ਰੁਮਾਂਟਿਕ ਰਿਸ਼ਤਿਆਂ ਜਾਂ ਮੁਲਾਜ਼ਮਾਂ ਵਿਚਕਾਰ ਦੋਸਤੀ ਕਰਕੇ ਉਪਜਣ ਵਾਲਾ ਕੋਈ ਵੀ ਵਿਹਾਰ, ਜੇ ਉਹ ਵਿਹਾਰ ਦੂਜਿਆਂ ਲਈ ਕੰਮ ਕਰਨ ਦੇ ਮਾਹੌਲ ਨੂੰ ਅਸੁਖਾਵਾਂ ਬਣਾਉਂਦਾ ਹੋਵੇ ਜਾਂ ਲਿਹਾਜਦਾਰੀ ਦੇ ਵਿਵਹਾਰ ਦੀ ਧਾਰਨਾ ਪੈਦਾ ਕਰਦਾ ਹੋਵੇ, ਅਣਉਚਿਤ ਹੋ ਸਕਦਾ ਹੈ। ਕੰਪਨੀ ਦੇ ਬਿਹਤਰੀਨ ਹਿੱਤਾਂ ਨਾਲੋਂ ਰੁਮਾਂਟਿਕ ਰਿਸ਼ਤਿਆਂ ਜਾਂ ਦੋਸਤੀ ਦੇ ਆਧਾਰ ਉੱਤੇ ਲਿਹਾਜ਼ਦਾਰੀ ਜਾਂ ਕਾਰੋਬਾਰ ਦੇ ਫੈਸਲੇ ਲੈਣ ਦੀ ਮਨਾਹੀ ਹੈ।

ਇਸ ਤੋਂ ਇਲਾਵਾ, ਕਿਸੇ ਸੁਪਰਵਾਈਜ਼ਰ ਜਾਂ ਅਥਾਰਟੀ ਦੇ ਅਹੁਦੇ 'ਤੇ ਮੌਜੂਦ ਕਿਸੇ ਵੀ ਵਿਅਕਤੀ ਲਈ ਆਪਣੇ ਅਧੀਨ ਵਿਅਕਤੀ ਦੇ ਨਾਲ ਰੋਮਾਂਟਿਕ ਸਬੰਧ ਬਣਾਉਣਾ ਅਣਉਚਿਤ ਹੈ। ਅਧੀਨ ਕੰਮ ਕਰਨ ਵਾਲਿਆਂ ਨਾਲ ਰੋਮਾਂਟਿਕ ਸੰਬੰਧ ਮੁਆਵਜ਼ੇ, ਤਰੱਕੀਆਂ, ਨੌਕਰੀ ਦੀਆਂ ਡਿਊਟੀਆਂ, ਸ਼ਿਫਟ ਨਿਰਧਾਰ, ਓਵਰਟਾਈਮ ਜਾਂ ਸਿਖਲਾਈ ਦੇ ਮੌਕਿਆਂ ਵਰਗੇ ਮੁੱਦਿਆਂ ਬਾਰੇ ਵਸਤੂਪਰਕ ਬਣਨ ਦੀ ਤੁਹਾਡੀ ਯੋਗਤਾ ਨੂੰ ਘਟਾ ਸਕਦੇ ਹਨ। ਅਜਿਹੀ ਸਥਿਤੀ ਵਿੱਚ, ਦੋਵੇਂ ਮੁਲਾਜ਼ਮਾਂ ਨੂੰ ਸਥਿਤੀ ਦੀ ਸੂਚਨਾ ਮਨੁੱਖੀ ਸਾਧਨਾਂ ਅਤੇ/ਜਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਨੂੰ ਦੇਣੀ ਚਾਹੀਦੀ ਹੈ। ਜੇਕਰ ਤੁਸੀਂ ਕਿਸੇ ਰੋਮਾਂਟਿਕ ਰਿਸ਼ਤੇ ਬਾਰੇ ਜਾਣਦੇ ਹੋ ਜਿਸ ਨੂੰ ਇੱਕ ਵਿਵਾਦ ਮੰਨਿਆ ਜਾ ਸਕਦਾ ਹੈ, ਤਾਂ ਕਿਰਪਾ ਕਰਕੇ ਮਨੁੱਖੀ ਵਸੀਲੇ ਵਿਭਾਗ ਜਾਂ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਦੀ ਸਲਾਹ ਲਵੋ।

## ਬੋਰਡ

ਮੁਨਾਫੇ ਵਾਸਤੇ ਕੰਮ ਕਰਦੀ ਕਿਸੇ ਕੰਪਨੀ ਜਾਂ ਸਰਕਾਰੀ ਏਜੰਸੀ ਲਈ ਡਾਇਰੈਕਟਰਾਂ ਦੇ ਬੋਰਡ ਜਾਂ ਇਹੋ ਜਿਹੀ ਹੋਰ ਸੰਸਥਾ ਲਈ ਸੇਵਾ ਕਰਨ ਵਾਸਤੇ ਸਹਿਮਤ ਹੋਣ ਤੋਂ ਪਹਿਲਾਂ ਕਿਰਪਾ ਕਰਕੇ 'ਮੁੱਖ ਨੈਤਿਕਤਾ ਅਤੇ ਤਾਮੀਲ ਅਫਸਰ' (Chief Ethics and Compliance Officer) ਅਤੇ 'ਮੁੱਖ ਕਾਨੂੰਨੀ ਅਫ਼ਸਰ' (Chief Legal Officer) ਤੋਂ ਮਨਜ਼ੂਰੀ ਲਓ।

ਤੁਹਾਨੂੰ ਕਿਸੇ ਗ਼ੈਰ-ਮੁਨਾਫ਼ਾ ਸੰਗਠਨ ਦੇ ਬੋਰਡ ਵਿੱਚ ਸ਼ਾਮਲ ਹੋਣ ਲਈ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੁੰਦੀ, ਜਦੋਂ ਤੱਕ ਸੰਗਠਨ ਦਾ ਕੰਪਨੀ ਨਾਲ ਪੇਸ਼ੇਵਰਾਨਾ ਜਾਂ ਕੰਮ ਨਾਲ ਸੰਬੰਧਿਤ ਰਿਸ਼ਤਾ ਨਹੀਂ ਹੈ, ਜਿਸ ਸੂਰਤ ਵਿੱਚ ਆਪਣੀ ਡਿਵੀਜ਼ਨ ਦੇ ਮੁਖੀ (Division President) ਜਾਂ ਕੰਮਕਾਜ ਵੇਖਣ ਵਾਲੇ ਮੁਖੀ (Function head) ਤੋਂ ਮਨਜ਼ੂਰੀ ਲਓ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਆਪਣੇ ਆਪ ਨੂੰ ਕਿਸੇ ਸੰਭਾਵੀ ਹਿੱਤਾਂ ਦੇ ਟਕਰਾਅ ਵਾਲੀ ਸਥਿਤੀ ਵਿੱਚ ਦੇਖਦੇ ਹੋ, ਤਾਂ ਆਪਣੇ ਮੈਨੇਜਰ, ਮਨੁੱਖੀ ਵਸੀਲੇ (Human Resources) ਵਿਭਾਗ, ਅੰਤਰਰਾਸ਼ਟਰੀ ਕਨੂੰਨ ਸੰਗਠਨ (Global Legal Organization ) ਜਾਂ 'ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ' (Global Ethics and Compliance) ਵਿਭਾਗ ਨਾਲ ਸਲਾਹ-ਮਸ਼ਵਰਾ ਕਰੋ। ਕੰਪਨੀ ਤੁਹਾਡੇ ਨਾਲ ਮਿਲਕੇ ਸਥਿਤੀ ਦਾ ਨਿਪਟਰਾ ਕਰਨ ਅਤੇ ਇੱਕ ਢੁਕਵੇਂ ਹੱਲ ਦੀ ਪਛਾਣ ਕਰਨ ਲਈ ਕੰਮ ਕਰੇਗੀ।

ਕੋਲਗੇਟ ਦੇ ਲੋਕ 'ਹਿੱਤਾਂ ਦੇ ਟਕਰਾਅ ਅਤੇ ਤੋਹਫ਼ਿਆਂ' ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ' (Business Practices Guidelines)** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

## ਅਸੀਂ ਕੰਪਨੀ ਦੀ ਮਾਲਿਕਾਨਾ ਜਾਣਕਾਰੀ ਦੀ ਰੱਖਿਆ ਕਰਦੇ ਹਾਂ

ਕੋਲਗੇਟ ਦੀ ਮਾਲਿਕਾਨਾ ਜਾਣਕਾਰੀ ਇੱਕ ਬਹੁਮੁੱਲੀ ਸੰਪਤੀ ਹੈ। ਮਾਲਿਕਾਨਾ ਜਾਣਕਾਰੀ ਕੋਲਗੇਟ ਦੇ ਕਾਰੋਬਾਰ ਦੇ ਨਾਲ ਜੁੜੀ ਜਾਣਕਾਰੀ ਹੁੰਦੀ ਹੈ ਜੋ ਆਮ ਤੌਰ 'ਤੇ ਗਿਆਤ ਨਹੀਂ ਹੁੰਦੀ ਜਾਂ ਆਸਾਨੀ ਨਾਲ ਪਤਾ ਨਹੀਂ ਲਗਾਈ ਜਾ ਸਕਦੀ ਅਤੇ ਮੁਕਾਬਲੇਬਾਜ਼ੀ ਪੱਖੋਂ ਸੰਵੇਦਨਸ਼ੀਲ ਹੁੰਦੀ ਹੈ। ਮਾਲਿਕਾਨਾ ਜਾਣਕਾਰੀ ਦੀ ਰਾਖੀ ਸਾਡੇ ਲਗਾਤਾਰ ਵਿਕਾਸ ਅਤੇ ਮੁਕਾਬਲੇਬਾਜ਼ੀ ਕਰਨ ਦੀ ਸਮਰੱਥਾ ਵਿੱਚ ਅਹਿਮ ਰੋਲ ਅਦਾ ਕਰਦੀ ਹੈ।

## ਮਾਲਿਕਾਨਾ ਜਾਣਕਾਰੀ ਦੀਆਂ ਕੁਝ ਉਦਾਹਰਨਾਂ ਕੀ ਹਨ?

ਹਾਲਾਂਕਿ ਇਹ ਸੂਚੀ ਪੂਰੀ ਨਹੀਂ ਹੈ, ਇਹ ਸੂਚੀ ਉਸ ਵੰਨ-ਸੁਵੰਨੀ ਕਿਸਮ ਦੀ ਜਾਣਕਾਰੀ ਦੀਆਂ ਉਦਾਹਰਨਾਂ ਦਿੰਦੀ ਹੈ ਜਿਸਨੂੰ ਸੁਰੱਖਿਅਤ ਰੱਖਣ ਦੀ ਲੋੜ ਹੈ।

- ਕਾਰੋਬਾਰੀ ਉਦੇਸ਼ ਜਾਂ ਰਣਨੀਤੀਆਂ
- ਮੁਲਾਜ਼ਮ, ਗਾਹਕ, ਉਪਭੋਗਤਾ, ਪੇਸ਼ੇਵਰ ਜਾਂ ਵਿਕ੍ਰੇਤਾ ਦੀਆਂ ਸੂਚੀਆਂ
- ਪੇਟੈਂਟ ਅਰਜ਼ੀਆਂ
- ਗੈਰ-ਜਨਤਕ ਵਿੱਤੀ ਜਾਣਕਾਰੀ
- ਉਤਪਾਦ ਫਾਰਮੂਲੇ
- ਨਿਰਮਾਣ ਦੀਆਂ ਪ੍ਰਕਿਰਿਆਵਾਂ
- ਕਿਸੇ ਕਿਸਮ ਦੀਆਂ ਜਾਰੀ ਨਾ ਕੀਤੀਆਂ ਮਾਰਕਿਟਿੰਗ ਜਾਂ ਵਿਕਰੀ ਸਮੱਗਰੀਆਂ
- ਅੰਦਰੂਨੀ ਜਾਣਕਾਰੀ ਜੋ ਜਨਤਕ ਨਹੀਂ ਕੀਤੀ ਗਈ ਹੈ

## ਕੋਲਗੇਟ ਦੀ ਮਾਲਿਕਾਨਾ ਜਾਣਕਾਰੀ ਦੇ ਸੰਬੰਧ ਵਿੱਚ ਤੁਹਾਡੀਆਂ ਜ਼ਿੰਮੇਵਾਰੀਆਂ ਇਹ ਹਨ:

**ਕਰਨਯੋਗ ਗੱਲਾਂ (DO)**

- ਕੋਲਗੇਟ ਦੀ ਮਾਲਿਕਾਨਾ ਜਾਣਕਾਰੀ ਦੀ ਰੱਖਿਆ ਕਰਨ ਲਈ ਵਾਜਬ ਉਪਾਅ ਕਰੋ।
- ਮਾਲਿਕਾਨਾ ਦਸਤਾਵੇਜ਼ਾਂ ਦੀ ਗੁਪਤ ਜਾਂ ਮਾਲਿਕਾਨਾ ਵਜੋਂ ਨਿਸ਼ਾਨਦੇਹੀ ਕਰੋ।
- ਐਲੀਵੇਟਰਾਂ, ਸਾਂਝੇ ਖੇਤਰਾਂ ਜਾਂ ਹੋਰ ਜਨਤਕ ਸਥਾਨਾਂ ਵਿੱਚ ਮਾਲਿਕਾਨਾ ਜਾਣਕਾਰੀ ਬਾਰੇ ਵਿਚਾਰ-ਵਟਾਂਦਰਾ ਕਰਨ ਤੋਂ ਗੁਰੇਜ਼ ਕਰੋ।

**ਅਜਿਹਾ ਨਾ ਕਰੋ (DO NOT)**

- ਮਾਲਿਕਾਨਾ ਜਾਣਕਾਰੀ ਦਾ ਖ਼ੁਲਾਸਾ "ਜਾਣਨ ਦੀ ਲੋੜ" ("need to know") ਜਾਂ "ਵਰਤੋਂ ਦੀ ਲੋੜ" ("need to use") ਦੇ ਅਧਾਰ ਤੋਂ ਇਲਾਵਾ ਕੋਲਗੇਟ ਨਾਲ ਕੰਮ ਕਰਨ ਵਾਲੇ ਹੋਰ ਲੋਕਾਂ ਜਾਂ ਤੀਜੀ ਧਿਰ ਨੂੰ ਨਾ ਕਰੋ।
- ਉਚਿਤ ਅਖਤਿਆਰ ਅਤੇ ਗੁਪਤਤਾ ਬਾਰੇ ਢੁਕਵਾਂ ਸਮਝੌਤਾ ਕੀਤਾ ਬਿਨਾਂ ਮਾਲਿਕਾਨਾ ਜਾਣਕਾਰੀ ਦਾ ਰੱਖ-ਰਖਾਓ ਕਰਨ ਲਈ ਤੀਜੀਆਂ ਧਿਰਾਂ ਨੂੰ ਸ਼ਾਮਲ ਨਾ ਕਰੋ।
- ਸਾਰਵਜਨਿਕ ਤੌਰ 'ਤੇ ਉਪਲਬਧ ਵੈਬਸਾਈਟਾਂ ਜਾਂ ਸੋਸ਼ਲ ਮੀਡੀਆ ਸਾਈਟਾਂ 'ਤੇ ਮਾਲਿਕਾਨਾ ਜਾਣਕਾਰੀ ਨੂੰ ਪ੍ਰਕਾਸ਼ਿਤ ਨਾ ਕਰੋ ਜਾਂ ਇਸ ਬਾਰੇ ਗੱਲਬਾਤ ਨਾ ਕਰੋ।
- ਆਪਣੇ ਖ਼ੁਦ ਦੇ ਫ਼ਾਇਦੇ ਲਈ ਜਾਂ ਬਿਨਾਂ ਇਖ਼ਤਿਆਰ ਕੋਲਗੇਟ ਤੋਂ ਬਾਹਰਲੇ ਲੋਕਾਂ ਦੇ ਫ਼ਾਇਦੇ ਲਈ ਮਾਲਿਕਾਨਾ ਜਾਣਕਾਰੀ ਦੀ ਵਰਤੋਂ ਨਾ ਕਰੋ।
- ਮਾਲਿਕਾਨਾ ਜਾਣਕਾਰੀ ਨੂੰ ਕਾਨਫਰੰਸ ਕਮਰਿਆਂ ਜਾਂ ਗੈਰ-ਤਾਲਾਬੰਦ ਦਫਤਰਾਂ ਵਿੱਚ ਨਾ ਛੱਡੋ।

ਜੇ ਤੁਸੀਂ ਕੋਲਗੇਟ ਛੱਡਕੇ ਜਾਂਦੇ ਹੋ, ਤਾਂ ਵੀ ਕੋਲਗੇਟ ਦੀ ਮਾਲਿਕਾਨਾ ਜਾਣਕਾਰੀ ਦੀ ਰਾਖੀ ਦੀ ਤੁਹਾਡੀ ਜ਼ਿੰਮੇਵਾਰੀ ਜਾਰੀ ਰਹਿੰਦੀ ਹੈ। ਤੁਹਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਚਿੱਠੀ-ਪੱਤਰੀ, ਛਪੀ ਹੋਈ ਸਮੱਗਰੀ, ਇਲੈਕਟ੍ਰੌਨਿਕ ਜਾਣਕਾਰੀ, ਦਸਤਾਵੇਜ਼ ਜਾਂ ਕਿਸੇ ਕਿਸਮ ਦੇ ਰਿਕਾੱਰਡ, ਵਿਸ਼ੇਸ਼ ਅਮਲ ਸਬੰਧੀ ਜਾਣਕਾਰੀ, ਅਤੇ ਕਾਰਜਵਿਧੀਆਂ - ਭਾਵੇਂ ਗੁਪਤ ਹਨ ਜਾਂ ਨਹੀਂ - ਸਾਰੀਆਂ ਚੀਜ਼ਾਂ ਕੰਪਨੀ ਦੀ ਸੰਪਤੀ ਹੈ ਅਤੇ ਉਹ ਕੋਲਗੇਟ ਕੋਲ ਹੀ ਰਹਿਣੀ ਚਾਹੀਦੀ ਹੈ। ਜੇ ਤੁਸੀਂ ਕੰਪਨੀ ਨੂੰ ਛੱਡਦੇ ਹੋ, ਤਾਂ ਤੁਹਾਨੂੰ ਆਪਣੇ ਕਬਜ਼ੇ, ਨਿਗਰਾਨੀ ਅਤੇ ਕੰਟਰੋਲ ਵਿੱਚ ਕੰਪਨੀ ਦੀ ਸਾਰੀ ਸੰਪਤੀ ਵਾਪਸ ਕਰਨੀ ਚਾਹੀਦੀ ਹੈ। ਜੇ ਤੁਹਾਡਾ ਸੁਆਲ ਹੈ ਕਿ ਕੀ ਜਾਣਕਾਰੀ ਮਾਲਿਕਾਨਾ ਹੈ, ਤਾਂ ਤੁਹਾਨੂੰ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਕੋਲਗੇਟ ਦੇ ਲੋਕ 'ਮਾਲਿਕਾਨਾ ਜਾਣਕਾਰੀ ਦੀ ਰੱਖਿਆ ਕਰਨ' ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ'** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

## ਅਸੀਂ ਪ੍ਰੈਸ ਅਤੇ ਮੀਡੀਆ ਦੀ ਬੇਨਤੀ ਸਬੰਧੀ ਨੀਤੀਆਂ ਦੀ ਪਾਲਣਾ ਕਰਦੇ ਹਾਂ

ਕੋਲਗੇਟ ਦੇ ਲੋਕਾਂ ਨੂੰ ਮੀਡੀਆ, ਪ੍ਰੈੱਸ, ਵਿੱਤੀ ਭਾਈਚਾਰੇ ਜਾਂ ਜਨਤਾ ਵੱਲੋਂ ਕੀਤੀਆਂ ਕਿਸੇ ਵੀ ਅਜਿਹੀਆਂ ਬੇਨਤੀਆਂ ਜਾਂ ਪੋਸਟਾਂ ਦਾ ਜਵਾਬ ਨਹੀਂ ਦੇਣਾ ਚਾਹੀਦਾ, ਜੋ ਤੁਹਾਨੂੰ ਕੋਲਗੇਟ ਦੀ ਤਰਫ਼ੋਂ ਬਿਆਨ ਦੇਣ ਵਾਸਤੇ ਕਹਿੰਦੀਆਂ ਹਨ।

- ਮੀਡੀਆ, ਪ੍ਰੈੱਸ, ਵਿੱਤੀ ਭਾਈਚਾਰੇ ਜਾਂ ਜਨਤਾ ਵੱਲੋਂ ਕੀਤੀਆਂ ਇੰਟਰਵਿਊ ਵਾਸਤੇ ਬੇਨਤੀਆਂ ਜਾਂ ਪੁੱਛਗਿੱਛਾਂ ਲਾਜ਼ਮੀ ਤੌਰ 'ਤੇ ਕਾਰਪੋਰੇਟ ਕਮਿਊਨੀਕੇਸ਼ਨਜ਼ (Corporate Communications) ਜਾਂ ਇਨਵੈਸਟਰ ਰਿਲੇਸ਼ਨਜ਼ (Investor Relations) ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ।
- ਸਕਿਉਰਟੀਜ਼ ਐਂਡ ਐਕਸਚੇਂਜ ਕਮਿਸ਼ਨ, ਨਿਊ ਯਾੱਰਕ ਸਟਾਕ ਐਕਸਚੇਂਜ, ਹੋਰ ਰੈਗੂਲੇਟਰਾਂ ਜਾਂ ਬਾਹਰੀ ਵਕੀਲਾਂ ਦੇ ਸੰਪਰਕਾਂ ਨੂੰ ਕੋਲਗੇਟ ਦੀ ਤਰਫ਼ੋਂ ਜਾਣਕਾਰੀ ਪ੍ਰਦਾਨ ਕਰਨ ਲਈ ਬੇਨਤੀਆਂ ਲਾਜ਼ਮੀ ਤੌਰ 'ਤੇ ਅੰਤਰਰਾਸ਼ਟਰੀ ਕਨੂੰਨ ਸੰਗਠਨ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

ਇਹ ਗੱਲ ਜ਼ਰੂਰੀ ਹੈ ਕਿ ਕੋਈ ਵੀ ਮੁਲਾਜ਼ਮ ਇਸ ਤਰ੍ਹਾਂ ਦੀ ਜਾਂਚ ਲਈ ਕੰਪਨੀ ਦੀ ਖਾਤਰ ਜਵਾਬ ਨਾ ਦਏ ਜਾਂ ਆਪਣੇ ਆਪ ਸੰਪਰਕ ਨਾ ਕਰੇ, ਕਿਉਂਕਿ ਇੱਕ ਅਣਉਚਿਤ ਜਾਂ ਗ਼ਲਤ ਜਵਾਬ, ਇਥੋਂ ਤੱਕ ਕਿ ਜਾਣਕਾਰੀ ਦੇਣ ਤੋਂ ਮਨ੍ਹਾ ਕਰਨਾ ਜਾਂ ਪ੍ਰਵਾਨ ਨਾ ਕਰਨਾ, ਨਕਾਰਾਤਮਕ ਪ੍ਰਚਾਰ, ਕਨੂੰਨੀ ਖਤਰੇ ਕੰਪਨੀ ਲਈ ਹੋਰ ਮਾੜੇ ਅਸਰਾਂ ਦੀ ਵਜ੍ਹਾ ਬਣ ਸਕਦਾ ਹੈ। ਇਹ ਸਮਾਕ ਮੀਡੀਆ 'ਤੇ ਪੁੱਛਗਿੱਛ ਜਾਂ ਰੁਝੇਵਿਆਂ ਨੂੰ ਵੀ ਸ਼ਾਮਲ ਕਰਦਾ ਹੈ।

ਇਹ ਨੀਤੀ ਸਾਰਵਜਨਿਕ ਤੌਰ 'ਤੇ ਉਪਲਬਧ ਮਾਲੀ ਜਾਣਕਾਰੀ ਸਬੰਧੀ ਬੇਨਤੀਆਂ 'ਤੇ ਲਾਗੂ ਨਹੀਂ ਹੁੰਦੀ, ਜਿਵੇਂ ਸਲਾਨਾ ਅਤੇ ਤਿਮਾਹੀ ਰਿਪੋਰਟਾਂ ਜਾਂ ਕੰਪਨੀ ਦੀਆਂ ਜਨਤਕ ਪ੍ਰਚਾਰ ਸਰਗਰਮੀਆਂ।

ਕੋਲਗੇਟ ਦੇ ਲੋਕ 'ਸ਼ੇਅਰਾਂ ਦੀ ਖਰੀਦੋ-ਫਰੋਖਤ ਅਤੇ ਜਾਣਕਾਰੀ ਦੇ ਖੁਲਾਸੇ' (Securities Trading and Information Disclosure) ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ'** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

## ਅਸੀਂ ਭਰੋਸੇਮੰਦ ਕਿਤਾਬਾਂ ਅਤੇ ਰਿਕੱਾਰਡ ਰੱਖਦੇ ਹਾਂ

ਸਾਡੀ ਕੰਪਨੀ ਦੀ ਮਾਲੀ ਸਥਿਤੀ ਅਤੇ ਇਸਦੀਆਂ ਕਾਰਵਾਈਆਂ ਦੇ ਨਤੀਜਿਆਂ ਨੂੰ ਕਾਨੂੰਨ ਦੀਆਂ ਲੋੜਾਂ ਅਤੇ ਆਮ ਤੌਰ 'ਤੇ ਪ੍ਰਵਾਨਿਤ ਹਿਸਾਬ-ਕਿਤਾਬ ਦੇ ਸਿਧਾਂਤਾਂ (generally accepted accounting principles) (GAAP) ਅਨੁਸਾਰ ਰਿਕੱਾਰਡ ਕੀਤਾ ਜਾਣਾ ਲਾਜ਼ਮੀ ਹੈ। ਕੋਲਗੇਟ ਤੋਂ ਲੋੜਿਆ ਜਾਂਦਾ ਹੈ ਕਿ ਇਹ ਅਜਿਹੀਆਂ ਕਿਤਾਬਾਂ, ਰਿਕਾਰਡ ਅਤੇ ਖਾਤੇ ਬਣਾਕੇ ਰੱਖੇ ਜੋ ਸਟੀਕਤਾ ਅਤੇ ਵਾਜਬ ਤਰੀਕੇ ਨਾਲ ਕੰਪਨੀ ਦੇ ਲੈਣ-ਦੇਣ ਅਤੇ ਸੰਪਤੀਆਂ ਨੂੰ ਦਰਸਾਉਂਦੇ ਹਨ ਅਤੇ ਨਾਲ ਹੀ ਇਹ ਅੰਦਰੂਨੀ ਲੇਖਾਕਾਰੀ ਕੰਟਰੋਲਾਂ ਦੀ ਉਚਿਤ ਪ੍ਰਣਾਲੀ ਬਣਾਕੇ ਰੱਖੇ।

ਵਿੱਤੀ ਜਾਣਕਾਰੀ ਤਿਆਰ ਕਰਨ, ਅਮਲ ਵਿਚ ਲਿਆਉਣ ਅਤੇ ਰਿਕਾਰਡ ਕਰਨ ਵਿਚ ਸ਼ਾਮਲ ਸਾਰੇ ਲੋਕ ਇਸਦੀ ਖਰਿਆਈ ਲਈ ਜ਼ਿੰਮੇਵਾਰ ਮੰਨੇ ਜਾਂਦੇ ਹਨ ਅਤੇ :

- ਉਹਨਾਂ ਨੂੰ ਲਾਜ਼ਮੀ ਤੌਰ 'ਤੇ ਲੋੜੀਂਦੀਆਂ ਪ੍ਰਵਾਨਗੀਆਂ ਹਾਸਲ ਕਰਨੀਆਂ ਚਾਹੀਦੀਆਂ ਹਨ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਲੈਣ-ਦੇਣ ਅਤੇ ਲਾਗਤਾਂ ਨੂੰ ਕੰਪਨੀ ਦੀਆਂ ਕਿਤਾਬਾਂ ਅਤੇ ਰਿਕਾਰਡਾਂ ਵਿੱਚ ਉਚਿਤ ਤਰੀਕੇ ਨਾਲ ਰਿਕਾਰਡ ਕੀਤਾ ਜਾਂਦਾ ਹੈ, ਜਿਸ ਵਿੱਚ ਖ਼ਰਚੇ ਦੀ ਰਕਮ, ਖ਼ਰਚ ਨੂੰ ਪ੍ਰਾਪਤ ਕਰਨ ਵਾਲਾ ਜਾਂ ਲਾਭਪਾਤਰ ਅਤੇ ਉਸ ਖ਼ਰਚੇ ਦਾ ਕਾਰੋਬਾਰੀ ਮਕਸਦ ਵੀ ਸ਼ਾਮਲ ਹਨ।
- ਉਹਨਾਂ ਨੂੰ ਕੰਪਨੀ ਦੇ ਸਾਰੇ ਲੈਣ-ਦੇਣ ਅਤੇ ਸੰਪਤੀਆਂ ਦੇ ਨਿਪਟਾਰੇ ਦੇ ਸੰਬੰਧ ਵਿੱਚ ਸੰਪੂਰਨ ਅਤੇ ਸਟੀਕ ਜਾਣਕਾਰੀ ਲਾਜ਼ਮੀ ਤੌਰ 'ਤੇ ਪ੍ਰਦਾਨ ਕਰਾਉਣੀ ਚਾਹੀਦੀ ਹੈ।
- ਉਹਨਾਂ ਨੂੰ ਇਹ ਲਾਜ਼ਮੀ ਤੌਰ 'ਤੇ ਯਕੀਨੀ ਬਣਾਉਣਾ ਚਾਹੀਦਾ ਹੈ ਹਰ ਲੈਣ-ਦੇਣ, ਹਿਸਾਬ-ਕਿਤਾਬ ਜਾਂ ਵਿੱਤੀ ਐਂਟਰੀ ਇੰਨ-ਬਿੰਨ ਉਹੀ ਚੀਜ਼ ਦਰਸਾਏ ਜੋ ਸਮਰਥਨ ਕਰਦੇ ਦਸਤਾਵੇਜ਼ਾਂ ਵਿੱਚ ਵਰਣਨ ਕੀਤਾ ਗਿਆ ਹੈ। ਪ੍ਰਬੰਧਕਾਂ ਤੋਂ, ਜਾਂ ਕੰਪਨੀ ਦੇ ਅੰਦਰੂਨੀ ਜਾਂ ਸੁਤੰਤਰ ਆੱਡੀਟਰਾਂ ਵੱਲੋਂ, ਜਾਂ ਦੁਆਰਾ ਕੋਈ ਵੀ ਜਾਣਕਾਰੀ ਲਾਜ਼ਮੀ ਤੌਰ 'ਤੇ ਲੁਕੋਈ ਨਹੀਂ ਜਾਣੀ ਚਾਹੀਦੀ।
- ਕੰਪਨੀ ਦੀਆਂ ਕਿਸੇ ਵੀ ਕਿਤਾਬਾਂ ਜਾਂ ਮਾਲੀ ਰਿਕੱਾਰਡਾਂ ਵਿੱਚ ਲਾਜ਼ਮੀ ਤੌਰ 'ਤੇ ਕਿਸੇ ਵੀ ਕਾਰਨ ਕਰਕੇ ਕੋਈ ਵੀ ਝੂਠੀਆਂ ਜਾਂ ਗੁਮਰਾਹਕੁੰਨ ਐਂਟਰੀਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ।
- ਭੁਗਤਾਨ ਦਾ ਸਮਰਥਨ ਕਰਨ ਵਾਲੇ ਦਸਤਾਵੇਜ਼ਾਂ ਦੁਆਰਾ ਵਰਣਨ ਕੀਤੇ ਗਏ ਉਦੇਸ਼ਾਂ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਭੁਗਤਾਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ।
- ਕੰਪਨੀ ਦੇ ਫੰਡਾਂ ਜਾਂ ਸੰਪਤੀਆਂ ਦੀ ਵਰਤੋਂ ਕਿਸੇ ਗੈਰ-ਕਾਨੂੰਨੀ ਜਾਂ ਗਲਤ ਉਦੇਸ਼ ਲਈ ਨਹੀਂ ਕਰਨੀ ਚਾਹੀਦੀ।
- ਸਮੇਂ-ਸਿਰ ਅਧਾਰ 'ਤੇ ਆਮਦਨ ਅਤੇ ਖਰਚਿਆਂ ਦੀ ਸਹੀ ਪਛਾਣ ਕਰਨੀ ਚਾਹੀਦੀ ਹੈ।

ਸੰਪਤੀਆਂ ਅਤੇ ਦੇਣਦਾਰੀਆਂ ਨੂੰ ਉਚਿਤ ਢੰਗ ਨਾਲ ਰਿਕੱਾਰਡ ਕਰਨਾ ਚਾਹੀਦਾ ਹੈ ਅਤੇ ਸਹੀ ਢੰਗ ਨਾਲ ਉਹਨਾਂ ਦੀ ਕੀਮਤ ਲਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਉਹ ਲੋਕ, ਜਿਹੜੇ ਸਕਿਊਰਟੀਜ਼ ਐਂਡ ਐਕਸਚੇਂਜ ਕਮਿਸ਼ਨ (Securities and Exchange Commission) ਦੇ ਨਾਲ ਕੋਲਗੇਟ ਦੀ ਜ਼ਰੂਰੀ ਫ਼ਾਈਲਿੰਗ ਕਰਨ ਅਤੇ ਕਾਨੂੰਨ ਵੱਲੋਂ ਲਾਗੂ ਹੋਰ ਫ਼ਾਈਲਿੰਗ ਕਰਨ ਲਈ ਜ਼ਿੰਮੇਵਾਰ ਜਾਂ ਸ਼ਾਮਲ ਹਨ, ਜਾਂ ਕਾਰੋਬਾਰੀ ਜਾਂ ਮਾਲੀ ਭਾਈਚਾਰੇ ਨਾਲ ਗੱਲਬਾਤ ਕਰਨ ਵਿੱਚ ਸ਼ਾਮਲ ਹਨ ਜਾਂ ਉਸ ਲਈ ਜ਼ਿੰਮੇਵਾਰ ਹੁੰਦੇ ਹਨ, ਉਹਨਾਂ ਵੱਲੋਂ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਉਹਨਾਂ ਫ਼ਾਈਲਿੰਗ ਅਤੇ ਗੱਲਬਾਤ ਵਿੱਚ ਕੀਤੇ ਗਏ ਖ਼ੁਲਾਸੇ ਕੀਤੇ ਗਏ ਸਮੇਂ 'ਤੇ, ਪੂਰੇ, ਨਿਰਪੱਖ, ਸਟੀਕ, ਕਾਨੂੰਨੀ ਤੌਰ 'ਤੇ ਸਹੀ, ਸਮੇਂ ਸਿਰ ਅਤੇ ਸਮਝ ਵਿੱਚ ਆਉਣ ਵਾਲੇ ਹੋਣ।

ਜੇ ਤੁਹਾਨੂੰ ਕਿਸੇ ਵੀ ਲੈਣ-ਦੇਣ, ਹਿਸਾਬ-ਕਿਤਾਬ ਜਾਂ ਮਾਲੀ ਐਂਟਰੀਆਂ ਵਿੱਚ, ਕੋਲਗੇਟ ਦੀਆਂ ਸਕਿਊਰਟੀਜ਼ ਐਂਡ ਐਕਸਚੇਂਜ ਕਮਿਸ਼ਨ ਰਿਪੋਰਟਾਂ ਜਾਂ ਹੋਰ ਸੰਚਾਰ ਵਿੱਚ ਕਿਸੇ ਸੰਭਾਵੀ ਭੁੱਲ, ਜਾਲਸਾਜ਼ੀ ਜਾਂ ਗ਼ਲਤੀਆਂ ਬਾਰੇ, ਜਾਂ ਕਿਸੇ ਅੰਦਰੂਨੀ ਕੰਟਰੋਲਾਂ ਦੇ ਟੁੱਟਣ ਬਾਰੇ ਪਤਾ ਚੱਲਦਾ ਹੈ, ਤਾਂ ਤੁਹਾਨੂੰ ਅਜਿਹੀ ਜਾਣਕਾਰੀ ਦੀ ਰਿਪੋਰਟ ਆਪਣੇ ਮੈਨੇਜਰ ਜਾਂ ਅੰਤਰਰਾਸ਼ਟਰੀ ਕਨੂੰਨ ਸੰਗਠਨ (Global Legal Organization) ਨੂੰ ਫ਼ੌਰਨ ਕਰਨੀ ਚਾਹੀਦੀ ਹੈ। ਤੁਸੀਂ 'ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ' (Global Ethics and Compliance) ਵਿਭਾਗ ਨਾਲ ਵੀ ਸੰਪਰਕ ਕਰ ਸਕਦੇ ਹੋ।

ਕੋਲਗੇਟ ਦੇ ਲੋਕ 'ਕਿਤਾਬਾਂ, ਰਿਕਾਰਡਾਂ ਅਤੇ ਦਸਤਾਵੇਜ਼ਾਂ' ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ'** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

## ਯਾਦ ਰੱਖੋ

- ਕੰਪਨੀ ਦੀਆਂ ਕਿਤਾਬਾਂ ਅਤੇ ਰਿਕਾਰਡ ਲਾਜ਼ਮੀ ਤੌਰ 'ਤੇ ਦਰੁਸਤ ਹੋਣੇ ਚਾਹੀਦੇ ਹਨ
- ਕੰਪਨੀ ਦੇ ਦਸਤਾਵੇਜ਼ ਲਾਜ਼ਮੀ ਤੌਰ 'ਤੇ ਸਪੱਸ਼ਟ ਅਤੇ ਦੁਵਿਧਾ-ਰਹਿਤ ਹੋਣੇ ਚਾਹੀਦੇ ਹਨ
- ਕਿਸੇ ਵੀ ਕਾਰਨ ਕਰਕੇ ਕੋਈ ਵੀ ਗਲਤ ਜਾਂ ਕੁਰਾਹੇ ਪਾਉਣ ਵਾਲੇ ਇੰਦਰਾਜ਼ ਨਹੀਂ ਕੀਤੇ ਜਾਣੇ ਚਾਹੀਦੇ

## ਅਸੀਂ ਕੋਲਗੇਟ ਦੀਆਂ ਸੰਪਤੀਆਂ ਦੀ ਰਾਖੀ ਕਰਦੇ ਹਾਂ

ਕੰਪਨੀ ਦੀਆਂ ਸੰਪਤੀਆਂ, ਸਹੂਲਤਾਂ ਜਾਂ ਸੇਵਾਵਾਂ ਦੀ ਵਰਤੋਂ ਸਿਰਫ਼ ਵੈਧ, ਉਚਿਤ ਅਤੇ ਇਖ਼ਤਿਆਰਪ੍ਰਾਪਤ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਧੰਨ, ਸੰਪਤੀ ਜਾਂ ਸੇਵਾਵਾਂ ਦੀ ਚੋਰੀ ਕਰਨ ਦੀ ਸਖ਼ਤ ਮਨਾਹੀ ਹੈ। ਕੋਲਗੇਟ ਦੇ ਸਾਜ਼ੋ-ਸਮਾਨ, ਸਿਸਟਮਾਂ, ਸਹੂਲਤਾਂ, ਕੰਪਨੀ ਦੇ ਕ੍ਰੈਡਿਟ ਕਾਰਡ ਅਤੇ ਸਮੱਗਰੀ ਦੀ ਵਰਤੋਂ ਕੋਲਗੇਟ ਵਿਖੇ ਤੁਹਾਡੀ ਨੌਕਰੀ ਜਾਂ ਪ੍ਰਬੰਧਕਾਂ ਵੱਲੋਂ ਇਖ਼ਤਿਆਰਪ੍ਰਾਪਤ ਉਦੇਸ਼ਾਂ ਲਈ ਕੀਤੀ ਜਾਣੀ ਲਾਜ਼ਮੀ ਹੈ। ਤੁਸੀਂ ਨਿੱਜੀ ਤੌਰ 'ਤੇ ਨਾ ਸਿਰਫ਼ ਕੰਪਨੀ ਵੱਲੋਂ ਤੁਹਾਡੇ ਸਪੁਰਦ ਕੀਤੀ ਗਈ ਸੰਪਤੀ ਦੀ ਰਾਖੀ ਕਰਨ ਲਈ ਜ਼ਿੰਮੇਵਾਰ ਹੋ, ਬਲਕਿ ਆਮ ਤੌਰ 'ਤੇ ਕੰਪਨੀ ਦੀ ਸੰਪਤੀ ਦੀ ਰਾਖੀ ਕਰਨ ਵਿੱਚ ਮਦਦ ਕਰਨ ਲਈ ਵੀ ਜ਼ਿੰਮੇਵਾਰ ਹੋ। ਤੁਹਾਨੂੰ ਕਿਸੇ ਵੀ ਅਜਿਹੀਆਂ ਸਥਿਤੀਆਂ ਜਾਂ ਘਟਨਾਵਾਂ ਲਈ ਚੌਕਸ ਰਹਿਣਾ ਚਾਹੀਦਾ ਹੈ, ਜਿੰਨ੍ਹਾਂ ਕਰਕੇ ਕੰਪਨੀ ਦੀ ਸੰਪਤੀ ਦਾ ਨੁਕਸਾਨ, ਦੁਰਵਰਤੋਂ ਜਾਂ ਚੋਰੀ ਹੋ ਸਕਦੀ ਹੈ ਅਤੇ ਜਿਵੇਂ ਹੀ ਤੁਹਾਨੂੰ ਇਹਨਾਂ ਸਥਿਤੀਆਂ ਬਾਰੇ ਪਤਾ ਚੱਲਦਾ ਹੈ, ਤੁਹਾਨੂੰ ਅਜਿਹੀਆਂ ਸਾਰੀਆਂ ਸਥਿਤੀਆਂ ਬਾਰੇ ਆਪਣੇ ਮੈਨੇਜਰ ਜਾਂ ਅੰਤਰਰਾਸ਼ਟਰੀ ਸੁਰੱਖਿਆ ਵਿਭਾਗ ਨੂੰ ਫ਼ੌਰਨ ਰਿਪੋਰਟ ਕਰਨੀ ਚਾਹੀਦੀ ਹੈ।

ਸਿਰਫ਼ ਕੁਝ ਕੰਪਨੀ ਅਫ਼ਸਰਾਂ ਅਤੇ ਹੋਰ ਸੀਨੀਅਰ ਮੁਲਾਜ਼ਮਾਂ ਨੂੰ ਹੀ ਕੰਪਨੀ ਦੀ ਸੰਪਤੀ 'ਤੇ ਅਸਰ ਪਾਉਣ ਵਾਲੀ ਵਚਨਬੱਧਤਾਵਾਂ ਨੂੰ ਕਰਨ ਦਾ ਹੱਕ ਹੈ। ਤੁਹਾਨੂੰ ਕੰਪਨੀ ਦੀ ਸੰਪਤੀ ਨੂੰ ਪ੍ਰਭਾਵਿਤ ਕਰਨ ਵਾਲੇ ਵਾਅਦੇ ਨਹੀਂ ਕਰਨੇ ਚਾਹੀਦੇ, ਜਦ ਤੱਕ ਕਿ ਤੁਹਾਨੂੰ ਢੁਕਵੇਂ ਤਰੀਕੇ ਨਾਲ ਇਖ਼ਤਿਆਰ ਨਾ ਮਿਲਿਆ ਹੋਵੇ।

ਜੇ ਤੁਹਾਡੇ ਸਵਾਲ ਹਨ ਜਾਂ ਤੁਹਾਨੂੰ ਸਪੱਸ਼ਟੀਕਰਨ ਦੀ ਲੋੜ ਹੈ, ਤਾਂ ਤੁਹਾਨੂੰ ਆਪਣੇ ਸਥਾਨਕ ਜਾਂ ਡਿਵੀਜ਼ਨ ਦੇ ਫਾਇਨਾਂਸ ਵਾਈਸ ਪ੍ਰੈਜ਼ੀਡੈਂਟ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਅਸੀਂ ਜਾਣਕਾਰੀ ਸਬੰਧੀ ਤਕਨਾਲੌਜੀ ਸ੍ਰੋਤਾਂ ਅਤੇ ਸਮਾਜਕ ਮੀਡੀਆ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਦੇ ਹਾਂ

**ਆਈ.ਟੀ. ਸਰੋਤਾਂ ਦੀ ਵਰਤੋਂ**

ਕੋਲਗੇਟ ਦੇ ਸੂਚਨਾ ਤਕਨਾਲੌਜੀ (IT) ਸਾਧਨਾਂ ਨੂੰ ਜ਼ਿੰਮੇਵਾਰੀ ਨਾਲ ਅਤੇ ਜ਼ਾਬਤੇ ਅਤੇ ਕੰਪਨੀ ਦੀਆਂ ਹੋਰ ਸਾਰੀਆਂ ਨੀਤੀਆਂ ਜਾਂ ਸੇਧਾਂ ਅਨੁਸਾਰ ਉਚਿਤ ਢੰਗ ਨਾਲ ਵਰਤਣਾ ਚਾਹੀਦਾ ਹੈ। ਕੋਲਗੇਟ ਦੇ IT ਸਾਧਨਾਂ ਵਿੱਚ ਸਾਰੇ ਮੌਜੂਦਾ ਅਤੇ ਭਵਿੱਖ ਦੇ ਕੰਪਿਊਟਰ ਹਾਰਡਵੇਅਰ, ਸਾਫਟਵੇਅਰ, ਮੋਬਾਈਲ ਡੀਵਾਈਸਾਂ, ਡੇਟਾ ਅਤੇ ਸਟੋਰੇਜ ਮੀਡੀਆ ਸ਼ਾਮਲ ਹਨ, ਜੋ ਕੋਲਗੇਟ ਦੀ ਮਲਕੀਅਤ ਹਨ, ਪਟੇ 'ਤੇ ਲਏ ਗਏ ਹਨ, ਜਾਂ ਕੋਲਗੇਟ ਵੱਲੋਂ ਪ੍ਰਦਾਨ ਕੀਤੇ ਗਏ ਹਨ। ਕੋਲਗੇਟ ਦੇ ਆਈਟੀ ਸਾਧਨਾਂ ਦੀ ਵਰਤੋਂ ਇਕ ਸਨਮਾਨਜਨਕ, ਪੇਸ਼ੇਵਰ ਤਰੀਕੇ ਵਿੱਚ ਸਿਰਫ਼ ਕੋਲਗੇਟ ਦੇ ਕਾਰੋਬਾਰੀ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ, ਸੀਮਿਤ ਅਤੇ ਢੁਕਵੇਂ ਵਿਅਕਤੀਗਤ ਉਪਯੋਗਾਂ ਨੂੰ ਛੱਡ ਕੇ।

**ਕੋਲਗੇਟ ਦੇ IT ਸਰੋਤਾਂ ਨੂੰ ਨਿਮਨਲਿਖਤ ਵਾਸਤੇ ਨਹੀਂ ਵਰਤਿਆ ਜਾ ਸਕਦਾ:**

- ਤੰਗ-ਪਰੇਸ਼ਾਨ ਕਰਨ ਵਾਲੇ, ਭੇਦਭਾਵ ਕਰਨ ਵਾਲੇ, ਅਪਮਾਨਜਨਕ, ਬਦਨਾਮ ਕਰਨ ਵਾਲੇ, ਧੋਖਾਧੜੀ ਵਾਲੇ ਜਾਂ ਧਮਕਾਊ ਸੰਦੇਸ਼ ਭੇਜਣਾ।
- ਅਣਉਚਿਤ ਤਰੀਕੇ ਨਾਲ ਕੰਪਨੀ ਜਾਂ ਕਿਸੇ ਤੀਜੀ ਧਿਰ ਦੀ ਮਾਲਿਕਾਨਾ, ਗੁਪਤ ਜਾਂ ਵਣਜ ਸੰਬੰਧੀ ਗੁਪਤ ਜਾਣਕਾਰੀ ਦਾ ਖੁਲਾਸਾ ਕਰਨਾ।
- ਕੋਲਗੇਟ ਦੇ ਨੈੱਟਵਰਕ ਜਾਂ ਸੰਚਾਰ ਪ੍ਰਣਾਲੀਆਂ ਵਿੱਚ ਸੁਰੱਖਿਆ ਪਾੜ ਲਾਉਣ ਜਾਂ ਇਹਨਾਂ ਵਿੱਚ ਦਖਲਅੰਦਾਜ਼ੀ ਕਰਨ ਦਾ ਕਾਰਨ ਬਣਨਾ ਜਾਂ ਇਸਦੀ ਇਜਾਜ਼ਤ ਦੇਣਾ ਜਿਸ ਵਿੱਚ ਵੌਰਮਾਂ, ਵਾਇਰਸਾਂ, ਸਪਾਈਵੇਅਰ, ਮਾਲਵੇਅਰ, ਜਾਂ ਕਿਸੇ ਬਦਨੀਅਤ ਜਾਂ ਵਿਘਨਕਾਰੀ ਪ੍ਰਵਿਰਤੀ ਦੀ ਕਿਸੇ ਹੋਰ ਸਮੱਗਰੀ ਜਾਂ ਕੋਡ ਨੂੰ ਇੰਜੈਕਟ ਜਾਂ ਪ੍ਰਸਾਰਿਤ ਕਰਨਾ ਸ਼ਾਮਲ ਹੈ, ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ।
- ਕਿਸੇ ਵੀ ਕੰਪਿਊਟਰ, ਨੈੱਟਵਰਕ, ਐਪਲੀਕੇਸ਼ਨ ਜਾਂ ਹੋਰ ਤਕਨਾਲੋਜੀ ਦੇ ਵਰਤੋਂਕਾਰ ਪਹੁੰਚ ਕੰਟਰੋਲਾਂ ਜਾਂ ਹੋਰ ਸੁਰੱਖਿਆ ਨੂੰ ਬਾਈਪਾਸ ਕਰਨਾ।
- ਕਿਸੇ ਵੀ ਵਿਅਕਤੀ ਜਾਂ ਕੰਪਨੀ ਦੇ ਅਧਿਕਾਰਾਂ ਦੀ ਉਲੰਘਣਾ ਕਰਨਾ ਜੋ ਟਰੇਡਮਾਰਕ, ਟਰੇਡ ਡਰੈੱਸ, ਪ੍ਰਚਾਰ/ਪਰਦੇਦਾਰੀ ਦੇ ਅਧਿਕਾਰ, ਕਾਪੀਰਾਈਟ, ਵਣਜ ਭੇਦ, ਪੇਟੈਂਟ ਜਾਂ ਹੋਰ ਬੌਧਿਕ ਸੰਪਤੀ ਅਧਿਕਾਰ, ਜਾਂ ਇਹੋ ਜਿਹੇ ਹੋਰ ਕਨੂੰਨਾਂ ਜਾਂ ਅਧਿਨਿਯਮਾਂ ਦੁਆਰਾ ਸੁਰੱਖਿਅਤ ਹੈ।
- ਲਾਗੂ ਹੋਣ ਵਾਲੇ ਕਨੂੰਨ ਦੁਆਰਾ ਸੁਰੱਖਿਅਤ ਕੀਤੇ ਜਾਂਦੇ ਕਿਸੇ ਵੀ ਵਿਅਕਤੀ ਦੇ ਪ੍ਰਚਾਰ ਅਤੇ ਪਰਦੇਦਾਰੀ ਦੇ ਅਧਿਕਾਰਾਂ ਦੀ ਉਲੰਘਣਾ ਕਰਨਾ।
- ਕੰਪਨੀ ਤੋਂ ਬਾਹਰ ਵਪਾਰਕ ਉੱਦਮਾਂ ਵਾਸਤੇ, ਧਾਰਮਿਕ ਜਾਂ ਰਾਜਨੀਤਕ ਉਦੇਸ਼ਾਂ ਵਾਸਤੇ, ਜਾਂ ਕਿਸੇ ਵੀ ਅਣਅਧਿਕਾਰਿਤ ਨਿੱਜੀ ਲਾਭ ਜਾਂ ਫਾਇਦੇ ਵਾਸਤੇ ਮਨਾਉਣ ਦੀ ਕੋਸ਼ਿਸ਼ ਕਰਨਾ।
- ਕਾਰੋਬਾਰੀ ਜਾਂ ਨਿੱਜੀ ਵਰਤੋਂ ਵਾਸਤੇ ਕੋਲਗੇਟ ਦੇ ਸਿਸਟਮ ਉੱਤੇ ਅਣਅਧਿਕਾਰਿਤ ਸਾਫਟਵੇਅਰ ਸਥਾਪਤ ਜਾਂ ਡਾਊਨਲੋਡ ਕਰਨਾ।
- ਕੋਈ ਹੋਰ ਵਰਤੋਂ ਜਿਸਦੀ 'ਕਾਰੋਬਾਰ ਚਲਾਉਣ ਸਬੰਧੀ ਸੇਧਾਂ' ਵੱਲੋਂ ਮਨਾਹੀ ਕੀਤੀ ਜਾਂਦੀ ਹੈ।
- ਕੋਲਗੇਟ ਸਭ ਤਰ੍ਹਾਂ ਦੀ ਵਰਤੋਂ ਦੀ ਸਮੀਖਿਆ ਕਰਨ, ਅਤੇ ਕਿਸੇ ਵੀ ਸਮੇਂ ਅਤੇ ਕਿਸੇ ਵੀ ਕਾਰਨ ਵਾਸਤੇ IT ਸਰੋਤਾਂ ਤੱਕ ਪਹੁੰਚ ਨੂੰ ਸੀਮਤ ਕਰਨ, ਸਥਗਿਤ ਕਰਨ, ਜਾਂ ਸਮਾਪਤ ਕਰਨ ਦਾ ਅਧਿਕਾਰ ਰਾਖਵਾਂ ਰੱਖਦੀ ਹੈ, ਸਿਵਾਏ ਓਥੇ ਜਿੱਥੇ ਲਾਗੂ ਹੋਣ ਵਾਲੇ ਕਨੂੰਨ ਇਸ ਅਧਿਕਾਰ ਨੂੰ ਸੀਮਤ ਕਰਦੇ ਹਨ। ਕੰਪਨੀ ਦੇ ਆਈ.ਟੀ. ਸਰੋਤਾਂ ਦੀ ਵਰਤੋਂ ਕਰਦੇ ਹੋਏ ਕਰਮਚਾਰੀਆਂ ਨੂੰ ਪਰਦੇਦਾਰੀ ਦੀ ਕੋਈ ਉਮੀਦ ਨਹੀਂ ਰੱਖਣੀ ਚਾਹੀਦੀ।

**ਕੋਲਗੇਟ ਦੇ ਆਈ.ਟੀ. (IT) ਸਰੋਤ:**

- ਲਾਜ਼ਮੀ ਤੌਰ 'ਤੇ ਕੰਪਨੀ ਦੇ ਸਾਰੇ ਕਾਰੋਬਾਰ ਲਈ ਵਰਤਿਆ ਜਾਣਾ ਚਾਹੀਦਾ ਹੈ। ਕੋਲਗੇਟ ਦੇ IT ਸਰੋਤਾਂ ਵਿੱਚ, ਇਸ ਉਦੇਸ਼ ਲਈ, ਨਿੱਜੀ ਮੋਬਾਈਲ ਡਿਵਾਈਸ ਸ਼ਾਮਲ ਹਨ ਜੋ ਅੰਤਰਰਾਸ਼ਟਰੀ ਜਾਣਕਾਰੀ ਸੁਰੱਖਿਆ ਮੋਬਾਈਲ ਡਿਵਾਈਸ ਸੁਰੱਖਿਆ ਨੀਤੀ (Global Information Security Mobile Device Security Policy) ਦੁਆਰਾ ਪ੍ਰਵਾਨ ਕੀਤੇ ਗਏ ਹਨ ਅਤੇ ਉਹਨਾਂ ਦੇ ਅਨੁਕੂਲ ਹਨ।
- ਨਿੱਜੀ ਈਮੇਲ ਪਤਿਆਂ ਨੂੰ ਕੰਪਨੀ ਦਾ ਕਾਰੋਬਾਰ ਚਲਾਉਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ,
- ਕੋਲਗੇਟ ਦੇ ਲੋਕਾਂ ਨੂੰ ਨਿੱਜੀ ਈਮੇਲ ਪਤਿਆਂ 'ਤੇ ਜਾਂ ਤੋਂ ਕੰਪਨੀ ਦੇ ਦਸਤਾਵੇਜ਼ ਜਾਂ ਈਮੇਲਾਂ ਨਹੀਂ ਭੇਜਣੀਆਂ ਚਾਹੀਦੀਆਂ।

# ਸਮਾਜਕ ਮੀਡੀਆ (Social Media)

"ਸਮਾਜਕ ਮੀਡੀਆ" ਉਹਨਾਂ ਵੈੱਬਸਾਈਟਾਂ, ਐਪਾਂ ਅਤੇ ਹੋਰ ਔਨਲਾਈਨ ਸੰਚਾਰ ਸਾਧਨਾਂ ਨੂੰ ਕਿਹਾ ਜਾਂਦਾ ਹੈ ਜੋ ਵਰਤੋਂਕਾਰਾਂ ਨੂੰ ਔਨਲਾਈਨ ਜਾਣਕਾਰੀ, ਨਜ਼ਰੀਏ, ਗਿਆਨ, ਅਤੇ ਰੁਚੀਆਂ ਸਾਂਝੀਆਂ ਕਰਕੇ ਇੱਕ ਦੂਜੇ ਨਾਲ ਵਾਰਤਾਲਾਪ ਕਰਨ ਦੇ ਯੋਗ ਬਣਾਉਂਦੇ ਹਨ। ਸਮਾਜਕ ਮੀਡੀਆ ਟੂਲ ਸਾਡੇ ਲਈ ਇੱਕ ਦੂਜੇ ਦੇ ਨਾਲ-ਨਾਲ ਅਤੇ ਨਾਲ ਹੀ ਸਾਡੇ ਗਾਹਕਾਂ, ਸਪਲਾਇਰਾਂ, ਖਪਤਕਾਰਾਂ ਅਤੇ ਪੇਸ਼ੇਵਰਾਂ ਨਾਲ ਜੁੜਨ ਦਾ ਇੱਕ ਕੀਮਤੀ ਤਰੀਕਾ ਪੇਸ਼ ਕਰਦੇ ਹਨ। ਹਾਲਾਂਕਿ ਇਹਨਾਂ ਦੇ ਕਈ ਲਾਭ ਹੋ ਸਕਦੇ ਹਨ, ਪਰ ਇਹ ਸਮਾਜਕ ਮੀਡੀਆ ਔਜ਼ਾਰ ਕੰਪਨੀ, ਸਮਾਜਕ ਮੀਡੀਆ ਦੀ ਵਰਤੋਂ ਕਰਨ ਵਾਲੇ ਕਰਮਚਾਰੀਆਂ, ਅਤੇ ਹੋਰ ਤੀਜੀਆਂ ਧਿਰਾਂ ਲਈ ਖਤਰੇ ਵੀ ਖੜ੍ਹੇ ਕਰ ਸਕਦੇ ਹਨ।

ਅਸੀਂ ਤੁਹਾਨੂੰ ਇੱਕ ਜ਼ਿੰਮੇਵਾਰ ਤਰੀਕੇ ਨਾਲ ਸਮਾਜਕ ਮੀਡੀਆ 'ਤੇ ਸ਼ਾਮਲ ਹੋਣ, ਚੰਗੇ ਨਿਰਣੇ ਦੀ ਵਰਤੋਂ ਕਰਨ ਅਤੇ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਵੇਲੇ ਕਿਸੇ ਅਣਇੱਛਤ ਨਤੀਜਿਆਂ ਤੋਂ ਬਚਣ ਲਈ ਨਿੱਜੀ ਜ਼ਿੰਮੇਵਾਰੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਉਦਾਹਰਨ ਲਈ, ਤੁਹਾਨੂੰ ਕੋਈ ਵੀ ਅਜਿਹੀ ਟਿੱਪਣੀ ਪੋਸਟ ਕਰਨ ਤੋਂ ਬਚਣਾ ਚਾਹੀਦਾ ਹੈ ਜੋ ਤੁਸੀਂ ਸਿੱਧੇ ਤੌਰ 'ਤੇ ਕਿਸੇ ਹੋਰ ਨੂੰ ਕਰਨ ਵਿੱਚ ਅਰਾਮਦੇਹ ਮਹਿਸੂਸ ਨਹੀਂ ਕਰੋਗੇ। ਇਸ ਤੋਂ ਇਲਾਵਾ, ਕੋਲਗੇਟ ਦੀ ਤਰਫ਼ੋਂ ਬਿਆਨ ਦੇਣ ਵੇਲੇ ਸਖ਼ਤ ਲੋੜਾਂ ਹਨ।

## ਸਮਾਜਕ ਮੀਡੀਆ ਦੀ ਨਿੱਜੀ ਵਰਤੋਂ - ਕਰਨਯੋਗ ਅਤੇ ਨਾ-ਕਰਨਯੋਗ ਗੱਲਾਂ

- ਆਪਣੇ ਨਿੱਜੀ ਸੋਸ਼ਲ ਮੀਡੀਆ ਵਾਰਤਾਲਾਪਾਂ ਵਿੱਚ ਕੰਪਨੀ ਦੇ ਈ-ਮੇਲ ਪਤਿਆਂ ਦੀ ਵਰਤੋਂ ਨਾ ਕਰੋ ਜਾਂ ਉਹਨਾਂ ਨੂੰ ਸ਼ਾਮਲ ਨਾ ਕਰੋ।

- ਜੇਕਰ ਤੁਸੀਂ ਚਾਹੁੰਦੇ ਹੋ, ਤਾਂ ਕੰਪਨੀ ਦੇ ਇੱਕ ਕਰਮਚਾਰੀ ਦੇ ਰੂਪ ਵਿੱਚ ਆਪਣੀ ਪਛਾਣ ਦੱਸੋ ਜੇਕਰ ਤੁਸੀਂ ਇੱਕ ਵਿਅਕਤੀਗਤ ਸਮਰੱਥਾ ਵਿੱਚ ਸਮਾਜਕ ਮੀਡੀਆ ਸਾਈਟਾਂ ਵਿੱਚ ਹਿੱਸਾ ਲੈਂਦੇ ਹੋ (ਉਦਾਹਰਨ ਲਈ, ਇੱਕ ਨਿੱਜੀ Facebook ਜਾਂ Twitter ਖਾਤਾ) ਪਰ ਆਪਣੇ ਵਰਤੋਂਕਾਰ ਨਾਮ ਜਾਂ ਸਕ੍ਰੀਨ ਨਾਮ ਵਿੱਚ ਕੰਪਨੀ, ਇਸਦੀਆਂ ਸਹਾਇਕ ਕੰਪਨੀਆਂ, ਸਾਂਝੇ ਉੱਦਮਾਂ ਜਾਂ ਉਹਨਾਂ ਦੇ ਕਿਸੇ ਵੀ ਉਤਪਾਦ ਦੇ ਨਾਮ ਦੀ ਵਰਤੋਂ ਨਾ ਕਰੋ।

- ਕੰਪਨੀ ਦੀ ਮਲਕੀਅਤ ਵਾਲੇ ਲੋਗੋ ਜਾਂ ਸਮੱਗਰੀ ਦੀ ਵਰਤੋਂ ਨਾ ਕਰੋ ਜਦੋਂ ਤੱਕ ਕੋਲਗੇਟ ਦੁਆਰਾ ਉਹਨਾਂ ਨੂੰ ਪ੍ਰਵਾਨਿਤ ਵਜੋਂ ਪਛਾਣਿਆ ਨਹੀਂ ਜਾਂਦਾ ਹੈ।

- ਪ੍ਰਤੀਯੋਗੀਆਂ ਜਾਂ ਹੋਰਾਂ ਨਾਲ ਅਣਉਚਿਤ ਤਰੀਕੇ ਨਾਲ ਨਾ ਜੁੜੋ (ਉਦਾਹਰਨ ਲਈ, ਗੁਪਤ ਜਾਂ ਕੰਪਨੀ ਦੀ ਮਲਕੀਅਤ ਵਾਲੀ ਜਾਣਕਾਰੀ ਸਾਂਝੀ ਕਰਨਾ)।

- ਜੇਕਰ ਤੁਸੀਂ ਕੋਲਗੇਟ ਉਤਪਾਦਾਂ ਬਾਰੇ ਸਿਫ਼ਾਰਿਸ਼ਾਂ ਕਰ ਰਹੇ ਹੋ ਜਾਂ ਆਪਣੀਆਂ ਨਿੱਜੀ ਸਮਾਜਕ ਮੀਡੀਆ ਸਾਈਟਾਂ 'ਤੇ ਕੰਪਨੀ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਪੋਸਟ ਕਰ ਰਹੇ ਹੋ, ਤਾਂ ਸਾਡੇ ਜ਼ਾਬਤੇ ਅਤੇ ਕਾਨੂੰਨ ਦੇ ਅਨੁਸਾਰ ਕਾਰਵਾਈ ਕਰੋ:

- ਅਜਿਹੀ ਹਰੇਕ ਪੋਸਟ ਵਿੱਚ ਇਹ ਖੁਲਾਸਾ ਕਰੋ ਕਿ ਤੁਸੀਂ ਕੰਪਨੀ ਲਈ ਕੰਮ ਕਰਦੇ ਹੋ (ਉਦਾਹਰਨ ਲਈ, #ColgateTeam ਜਾਂ #IamColgate) ਜਿੱਥੇ ਕਾਨੂੰਨ ਦੁਆਰਾ ਲੋੜੀਂਦਾ ਹੈ।

- ਇਹ ਪਛਾਣੋ ਕਿ ਹੋ ਸਕਦਾ ਹੈ ਲੋਕ ਤੁਹਾਨੂੰ ਤੁਹਾਡੇ ਰੁਜ਼ਗਾਰਦਾਤਾ ਤੋਂ ਵੱਖ ਨਾ ਕਰਨ। ਸੋਸ਼ਲ ਮੀਡੀਆ ਪਲੇਟਫਾਰਮ ਦੀ ਪਰਵਾਹ ਕੀਤੇ ਬਿਨਾਂ, ਤੁਹਾਨੂੰ ਤੁਹਾਡੇ ਸ਼ਬਦਾਂ ਅਤੇ ਕੰਮਾਂ ਦੇ ਤੁਹਾਡੀ ਸਾਖ ਅਤੇ Colgate-Palmolive ਦੀ ਸਾਖ 'ਤੇ ਪ੍ਰਭਾਵ ਬਾਰੇ ਸੁਚੇਤ ਹੋਣਾ ਚਾਹੀਦਾ ਹੈ, ਅਤੇ ਅਜਿਹੀਆਂ ਨਿੱਜੀ ਪੋਸਟਾਂ ਤੋਂ ਬਚਣਾ ਚਾਹੀਦਾ ਹੈ ਜੋ Colgate ਦੀ **ਸਾਖ** ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੀਆਂ ਹਨ।

- ਜੇਕਰ ਤੁਹਾਨੂੰ ਆਪਣੀਆਂ ਨਿੱਜੀ ਸੋਸ਼ਲ ਮੀਡੀਆ ਸਾਈਟਾਂ 'ਤੇ ਕੰਪਨੀ ਜਾਂ ਇਸਦੇ ਉਤਪਾਦਾਂ ਬਾਰੇ ਸਵਾਲ ਪ੍ਰਾਪਤ ਹੁੰਦੇ ਹਨ, ਤਾਂ ਇਸ ਮੁੱਦੇ ਦਾ ਖੁਦ ਜਵਾਬ ਦੇਣ ਦੀ ਕੋਸ਼ਿਸ਼ ਨਾ ਕਰੋ। ਇਸਦੀ ਬਜਾਏ, ਕੰਪਨੀ ਦੀ ਵੈੱਬਸਾਈਟ ਦਾ ਲਿੰਕ ਪ੍ਰਦਾਨ ਕਰੋ ਜੋ ਮੁੱਦੇ ਨੂੰ ਸੰਬੋਧਿਤ ਕਰਦੀ ਹੈ, ਜਾਂ ਜਵਾਬ ਲਈ ਪੁੱਛਗਿੱਛ ਨੂੰ ColgatePalmolive.com ਦੇ ਸਾਡੇ ਨਾਲ ਸੰਪਰਕ ਕਰੋ ਸੈਕਸ਼ਨ 'ਤੇ ਨਿਰਦੇਸ਼ਿਤ ਕਰੋ।

## ਕੰਪਨੀ ਦੁਆਰਾ ਸਮਾਜਕ ਮੀਡੀਆ ਦੀ ਵਰਤੋਂ

ਕੰਪਨੀ ਕੋਲ ਖ਼ਬਰਾਂ ਸੰਚਾਰਿਤ ਕਰਨ, ਉਤਪਾਦਾਂ ਦਾ ਪ੍ਰਚਾ ਕਰਨ, ਅਤੇ ਕੰਪਨੀ ਦੁਆਰਾ ਸਪਾਂਸਰ ਕੀਤੀਆਂ ਇੰਟਰਨੈਟ ਸਾਈਟਾਂ 'ਤੇ ਇਸ਼ਤਿਹਾਰਬਾਜ਼ੀ ਵਿੱਚ ਸ਼ਾਮਲ ਹੋਣ ਲਈ ਚੰਗੀ ਤਰ੍ਹਾਂ ਸਥਾਪਿਤ ਪ੍ਰਕਿਰਿਆਵਾਂ ਹਨ। ਤੁਸੀਂ ਕੰਪਨੀ ਦੀ ਤਰਫ਼ੋਂ ਇਹਨਾਂ ਸਾਈਟਾਂ 'ਤੇ ਪੋਸਟ ਨਹੀਂ ਕਰ ਸਕਦੇ ਹੋ ਜਦੋਂ ਤੱਕ ਤੁਹਾਨੂੰ ਅਜਿਹਾ ਕਰਨ ਲਈ ਅਧਿਕਾਰਤ ਨਹੀਂ ਕੀਤਾ ਗਿਆ ਹੈ। ਜੇਕਰ ਤੁਹਾਨੂੰ ਇਸ ਗਤੀਵਿਧੀ ਵਿੱਚ ਸ਼ਾਮਲ ਹੋਣ ਲਈ ਅਧਿਕਾਰਤ ਕੀਤਾ ਗਿਆ ਹੈ, ਤਾਂ ਕਿਰਪਾ ਕਰਕੇ ਸੰਬੰਧਿਤ ਦਿਸ਼ਾ-ਨਿਰਦੇਸ਼ਾਂ ਦੀ ਸਮੀਖਿਆ ਕਰਨ ਲਈ ਕਾਰੋਬਾਰ ਚਲਾਉਣ ਸਬੰਧੀ ਸੇਧਾਂ ਦੇ ਚੈਪਟਰ 16, "ਸੋਸ਼ਲ ਮੀਡੀਆ" ਨੂੰ ਵੇਖੋ।

## ਕੰਪਨੀ ਦੇ ਹਵਾਲੇ

ਜੇਕਰ ਤੁਸੀਂ ਗਲਤ ਜਾਂ ਅਣਉਚਿਤ ਪੋਸਟਿੰਗਾਂ ਦੇਖਦੇ ਹੋ ਜੋ ਕੰਪਨੀ ਜਾਂ ਕੰਪਨੀ ਦੀ ਸਾਖ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਤਾਂ ਕਿਰਪਾ ਕਰਕੇ ਕਾਰਪੋਰੇਟ ਕਮਿਊਨੀਕੇਸ਼ਨਜ਼ (Corporate Communications) ਜਾਂ ਨੈਤਿਕਤਾ ਅਤੇ ਪਾਲਣਾ ਵਿਭਾਗ (Ethics & Compliance) ਨਾਲ ਸੰਪਰਕ ਕਰੋ।

ਕੋਲਗੇਟ ਦੇ ਲੋਕ 'ਸੂਚਨਾ ਤਕਨਾਲੋਜੀ ਸਰੋਤ ਅਤੇ ਸਮਾਜਕ ਮੀਡੀਆ ਦੀ ਵਰਤੋਂ ਅਤੇ ਸੁਰੱਖਿਆ' ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ'** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

# ਬਾਹਰੀ ਲੋਕਾਂ ਨਾਲ ਸਾਡਾ ਰਿਸ਼ਤਾ ਕਾਰੋਬਾਰੀ ਸੰਸਥਾਵਾਂ

ਅਸੀਂ ਇਮਾਨਦਾਰੀ ਅਤੇ ਅਖੰਡਤਾ ਨਾਲ ਵਪਾਰ ਕਰਦੇ ਹਾਂ, ਅਤੇ ਉਮੀਦ ਕਰਦੇ ਹਾਂ ਕਿ ਕਾਨੂੰਨ, ਉਤਪਾਦ ਦੀ ਗੁਣਵੱਤਾ, ਸੁਰੱਖਿਆ, ਮਨੁੱਖੀ ਅਧਿਕਾਰਾਂ ਅਤੇ ਕਰਮਚਾਰੀਆਂ ਨਾਲ ਵਿਵਹਾਰ ਦੀ ਪਾਲਣਾ ਦੇ ਸੰਬੰਧ ਵਿੱਚ ਤੀਜੀਆਂ ਧਿਰਾਂ ਦੀਆਂ ਕਦਰਾਂ-ਕੀਮਤਾਂ ਅਤੇ ਵਪਾਰਕ ਪ੍ਰਥਾਵਾਂ ਸਾਡੀਆਂ ਕਦਰਾਂ-ਕੀਮਤਾਂ ਅਤੇ ਵਪਾਰਕ ਪ੍ਰਥਾਵਾਂ ਨੂੰ ਪ੍ਰਤਿਬਿੰਬਤ ਕਰਨ।

## ਤੀਜੀਆਂ ਧਿਰਾਂ ਦੇ ਨਾਲ ਅਸੀਂ ਨੈਤਿਕਤਾ ਨਾਲ ਵਿਵਹਾਰ ਕਰਦੇ ਹਾਂ

ਇੱਕ ਵਿਸ਼ਵਾਸ ਵਾਲੇ, ਖੁੱਲ੍ਹਦਿਲੀ ਨਾਲ ਸੰਚਾਰ ਕਰਨ ਵਾਲੇ, ਅਤੇ ਆਦਰ ਭਰਪੂਰ ਮਹੌਲ ਦੀ ਸਿਰਜਣਾ ਕਰਨ ਪ੍ਰਤੀ ਸਾਡੀ ਵਚਨਬੱਧਤਾ ਤੀਜੀਆਂ ਧਿਰਾਂ ਨਾਲ ਸਾਡੇ ਰਿਸ਼ਤੇ ਤੱਕ ਜਾਂਦੀ ਹੈ। ਤੀਜੀਆਂ ਧਿਰਾਂ ਦੇ ਨਾਲ ਇਮਾਨਦਾਰ ਅਤੇ ਸਾਫ਼ਗੋਈ ਵਾਲਾ ਕਾਰੋਬਾਰ, ਮਜ਼ਬੂਤ, ਲੰਮੇ ਸਮੇਂ ਤੱਕ ਚੱਲਣ ਵਾਲੇ ਕਾਰੋਬਾਰੀ ਸਬੰਧਾਂ ਲਈ ਜ਼ਰੂਰੀ ਹੈ। ਅਸੀਂ ਸਾਰੀਆਂ ਸੰਭਵ ਤੀਜੀਆਂ ਧਿਰਾਂ ਨੂੰ ਨਿਰਪੱਖ ਅਤੇ ਇੱਕੋ ਜਿਹੀ ਅਹਿਮੀਅਤ ਦਿੰਦੇ ਹਾਂ। ਵ੍ਰਿਕੇਤਾ ਦੀ ਚੋਣ ਬਾਰੇ ਫ਼ੈਸਲੇ, ਉਦੇਸ਼ ਦੀ ਸ਼੍ਰੇਣੀ ਵਾਲੇ ਮਿਆਰਾਂ 'ਤੇ ਅਧਾਰਿਤ ਹੁੰਦੇ ਹਨ, ਜਿਵੇਂ ਕਿ ਕੀਮਤ ਅਤੇ ਕੁਆਲਿਟੀ, ਅਤੇ ਨਾਲ ਹੀ ਭਰੋਸੇਯੋਗਤਾ ਅਤੇ ਨੇਕਨੀਤੀ।

ਇਸ ਤੋਂ ਇਲਾਵਾ, ਅਸੀਂ ਕੀਮਤਾਂ, ਪ੍ਰਚਾਰ-ਵਧਾਵਾ ਭੱਤਿਆਂ, ਬਾਜ਼ਾਰੀਕਰਨ ਵਿੱਚ ਸਹਾਇਤਾ ਜਾਂ ਅਜਿਹੀਆਂ ਚੀਜ਼ਾਂ ਬਾਰੇ ਤੀਜੀਆਂ ਧਿਰਾਂ ਨੂੰ ਕੋਈ ਨਿੱਜੀ ਰਿਆਇਤਾਂ ਨਹੀਂ ਦਿੰਦੇ। ਤੀਜੀਆਂ ਧਿਰਾਂ ਦੇ ਨਾਲ ਕਾਰ-ਵਿਹਾਰਾਂ ਬਾਰੇ ਇਸ ਜ਼ਾਬਤੇ ਦੇ ਉਸ ਸੈਕਸ਼ਨ ਵਿੱਚ ਚਰਚਾ ਕੀਤੀ ਗਈ ਹੈ ਜੋ ਸਰਕਾਰ ਅਤੇ ਕਾਨੂੰਨ ਨਾਲ ਸਾਡੇ ਰਿਸ਼ਤੇ (Our Relationship with Government and the Law) ਬਾਰੇ ਗੱਲ ਕਰਦਾ ਹੈ।

ਕੋਲਗੇਟ ਦੇ ਤੀਜੀ ਧਿਰ ਲਈ ਵਿਵਹਾਰ ਦੇ ਜ਼ਾਬਤੇ ਨੂੰ ਉਸ ਨੈਤਿਕ ਵਿਵਹਾਰ ਸੰਬੰਧੀ ਸਾਡੀਆਂ ਉਮੀਦਾਂ ਨੂੰ ਜ਼ਾਹਰ ਕਰਨ ਲਈ ਵਿਕਸਿਤ ਕੀਤਾ ਗਿਆ ਸੀ ਜਿੰਨ੍ਹਾਂ ਦੀ ਅਸੀਂ ਤੀਜੀਆਂ ਧਿਰਾਂ ਕੋਲੋਂ ਉਮੀਦ ਕਰਦੇ ਹਾਂ ਜਿੰਨ੍ਹਾਂ ਨਾਲ ਅਸੀਂ ਕੰਮ ਕਰਦੇ ਹਾਂ।

ਕੋਲਗੇਟ ਦੇ ਸਪਲਾਇਰਾਂ ਅਤੇ ਵਿਕ੍ਰੇਤਾਵਾਂ ਨੂੰ ਹਮੇਸ਼ਾ ਤੀਜੀ ਧਿਰ ਦੇ ਵਿਵਹਾਰ ਦੇ ਜ਼ਾਬਤੇ ਦੀ ਪਾਲਣਾ ਕਰਨ ਦੀ ਲੋੜ ਦੀ ਸਲਾਹ ਦਿੱਤੀ ਜਾਂਦੀ ਹੈ, ਜਦੋਂ ਉਹ ਸਾਡੇ ਨਾਲ ਕੰਮ ਕਰ ਰਹੇ ਹੋਣ ਨਹੀਂ ਤਾਂ ਇੰਜ ਕਰਨ ਵਿੱਚ ਨਾਕਾਮ ਰਹਿਣ 'ਤੇ ਸਾਡੇ ਨਾਲ ਕਾਰੋਬਾਰ ਕਰਨ ਨਾ ਕਰਨ ਦੀ ਸੰਭਾਵਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ, ਸਾਨੂੰ ਖਪਤਕਾਰਾਂ ਜਾਂ ਸਪਲਾਇਰਾਂ ਦੀਆਂ ਨੀਤੀਆਂ ਦਾ ਉਸਹੱਦ ਤੱਕ ਸਤਿਕਾਰ ਅਤੇ ਪਾਲਣਾ ਕਰਨੀ ਚਾਹੀਦੀ ਹੈ, ਜਿਥੇ ਤੱਕ ਉਹਨਾਂ ਦੀ ਸਾਡੀਆਂ ਖ਼ੁਦ ਦੀਆਂ ਨੀਤੀਆਂ ਨਾਲ ਮੁਖ਼ਾਲਫ਼ਤ ਨਾ ਹੋਵੇ। **ਕੋਲਗੇਟ ਦਾ ਤੀਜੀ ਧਿਰ ਲਈ ਵਿਵਹਾਰ ਦਾ ਜ਼ਾਬਤਾ** ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

## ਅਸੀਂ ਅਨਉਚਿਤ ਤੋਹਫ਼ੇ ਦਿੰਦੇ ਜਾਂ ਸਵੀਕਾਰ ਨਹੀਂ ਕਰਦੇ

ਕਿਸੇ ਵੀ ਕਾਰੋਬਾਰੀ ਫ਼ੈਸਲੇ 'ਤੇ ਅਸਰ ਪਾਉਣ ਜਾਂ ਇੰਜ ਲੱਗੇ ਕਿ ਅਸਰ ਪਾਇਆ ਗਿਆ ਹੈ, ਲਈ ਤੋਹਫ਼ਾ, ਭੁਗਤਾਨ, ਫਾਇਦੇ ਜਾਂ ਰੁਜ਼ਗਾਰ ਦੀਆਂ ਪੇਸ਼ਕਸ਼ਾਂ (ਜਾਂ ਤਾਂ ਤੁਹਾਨੂੰ/ਤੁਹਾਡੇ ਦੋਂ ਸਿੱਧੇ ਤੌਰ 'ਤੇ ਜਾਂ ਅਸਿੱਧੇ ਤੌਰ 'ਤੇ ਪਰਿਵਾਰ ਦੇ ਕਿਸੇ ਮੈਂਬਰ ਜਾਂ ਜਾਣਕਾਰ ਰਾਹੀਂ) ਦੇਣਾ ਜਾਂ ਲੈਣਾ ਸਵੀਕਾਰ ਨਹੀਂ ਹੈ। ਜੇ ਤੁਸੀਂ ਕੋਈ ਤੋਹਫ਼ਾ, ਭੁਗਤਾਨ ਜਾਂ ਹੋਰ ਲਾਭ ਦੇਣ ਦਾ ਇਰਾਦਾ ਰੱਖਦੇ ਹੋ, ਦੇ ਚੁੱਕੇ ਹੋ, ਤੁਹਾਨੂੰ ਪੇਸ਼ਕਸ਼ ਕੀਤੀ ਹੈ ਜਾਂ ਤੁਸੀਂ ਲੈ ਚੁੱਕੇ ਹੋ, ਤਾਂ ਇਸਦੀ ਕੀਮਤ ਮਾਮੂਲੀ ਤੋਂ ਵੱਧ ਨਹੀਂ ਹੋਣੀ ਚਾਹੀਦੀ (ਲਗਭਗ $50 USD)। ਤੋਹਫ਼ੇ ਲਾਜ਼ਮੀ ਤੌਰ 'ਤੇ ਕਦੇ ਵੀ ਨਕਦੀ, ਨਕਦੀ ਦੇ ਬਰਾਬਰ ਹੋਰ ਰੂਪਾਂ, ਜਾਂ ਸ਼ੇਅਰਾਂ ਦੇ ਰੂਪ ਵਿੱਚ ਕਦੇ ਨਹੀਂ ਹੋਣੇ ਚਾਹੀਦੇ। ਇਸ ਦੇ ਨਾਲ ਹੀ, ਇਹ ਵੀ ਧਿਆਨ ਰੱਖੋ ਕਿ ਤੁਸੀਂ ਹਰ ਕੈਲੰਡਰ ਸਾਲ ਵਿੱਚ ਸਿਰਫ਼ ਇੱਕ ਵਾਰ ਕਿਸੇ ਇੱਕ ਸ੍ਰੋਤ ਤੋਂ ਮਾਮੂਲੀ ਕੀਮਤ ਦਾ ਤੋਹਫ਼ਾ ਲੈ ਜਾਂ ਦੇ ਸਕਦੇ ਹੋ।

ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਅਜਿਹੇ ਤੋਹਫ਼ੇ, ਭੁਗਤਾਨ, ਜਾਂ ਹੋਰ ਲਾਭ ਦੀ ਪੇਸ਼ਕਸ਼ ਜਾਂ ਇਸਨੂੰ ਦਿੱਤਾ ਜਾਣਾ ਕਿਸੇ ਕਾਰੋਬਾਰੀ ਫੈਸਲੇ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵਜੋਂ ਸੀ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਅੰਤਰਰਾਸ਼ਟਰੀ ਕਨੂੰਨ ਸੰਗਠਨ ਜਾਂ 'ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ' ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇ ਤੁਹਾਡੇ ਵੱਲੋਂ ਕਿਸੇ ਤੋਹਫ਼ੇ, ਜਿਸਦੀ ਕੀਮਤ ਮਾਮੂਲੀ ਤੋਂ ਵੱਧ ਹੋ ਸਕਦੀ ਹੈ, ਨੂੰ ਨਾ ਲੈਣਾ ਕੰਪਨੀ ਲਈ ਸ਼ਰਮਿੰਦਗੀ ਵਾਲੀ ਗੱਲ ਹੋ ਸਕਦੀ ਹੈ, ਤਾਂ ਉਸ ਤੋਹਫ਼ੇ ਨੂੰ ਸਵੀਕਾਰ ਕਰਨ ਦੇ ਤੁਹਾਡੇ ਇਰਾਦੇ

ਬਾਰੇ ਤੁਹਾਨੂੰ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਮਿਲਕੇ ਸਮੀਖਿਆ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਅਜਿਹੇ ਕਿਸੇ ਵਿਅਕਤੀ ਵੱਲੋਂ ਜਿਸ ਦਾ ਕੰਪਨੀ ਦੇ ਨਾਲ ਮੌਜੂਦਾ ਕਾਰੋਬਾਰੀ ਸਬੰਧ ਹੈ ਜਾਂ ਭਵਿੱਖ ਵਿੱਚ ਇਕ ਕਾਰੋਬਾਰੀ ਸਬੰਧ ਸਥਾਪਿਤ ਕਰਨਾ ਚਾਹੇਗਾ, ਪਰਿਵਾਰ ਦੇ ਨਜ਼ਦੀਕੀ ਮੈਂਬਰ ਦੀ ਖਾਤਰ ਕਿਸੇ ਤੋਹਫ਼ੇ ਦਾ, ਭੁਗਤਾਨ ਜਾਂ ਹੋਰ ਫਾਇਦਾ ਜਿਸ ਦਾ ਮੁੱਲ ਮਾਮੂਲੀ ਤੋਂ ਵੱਧ ਹੈ, ਬੰਦੋਬਸਤ ਨਾ ਕਰੋ ਜਾਂ ਸਵੀਕਾਰ ਨਾ ਕਰੋ।

ਇਸ ਨਿਯਮ ਦੀ ਪਾਲਣਾ ਕਰੋ: ਕਦੇ ਵੀ ਕੋਈ ਤੋਹਫ਼ਾ ਜਾਂ ਸੇਵਾ ਪ੍ਰਵਾਨ ਨਾ ਕਰੋ ਜੇ ਉਸ ਲਈ ਤੁਹਾਨੂੰ ਸਮਝੌਤਾ ਕਰਨਾ ਪਏ ਜਾਂ ਇੰਜ ਲੱਗੇ ਕਿ ਤੁਹਾਨੂੰ ਸਮਝੌਤਾ ਕਰਨਾ ਪਿਆ। ਇਸ ਵਿੱਚ ਕਦੇ-ਕਦਾਈਂ ਹੋਣ ਵਾਲਾ, ਮੁਨਾਸਬ ਕਾਰੋਬਾਰੀ ਮਨੋਰੰਜਨ ਜਾਂ ਮਾਮੂਲੀ ਕੀਮਤ ਦੇ ਤੋਹਫ਼ੇ ਸ਼ਾਮਲ ਨਹੀਂ ਹੁੰਦੇ।

ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਫ਼ੈਡਰਲ, ਸਟੇਟ, ਸਥਾਨਕ ਜਾਂ ਵਿਦੇਸ਼ੀ ਸਰਕਾਰੀ ਅਧਿਕਾਰੀਆਂ ਅਤੇ ਸਰਕਾਰਾਂ ਨਾਲ ਕਾਰੋਬਾਰ ਕਰਨ ਵਿੱਚ ਉਚਿਤ ਵਿਹਾਰ ਕਰਨ ਦੇ ਵਿਸ਼ੇਸ਼ ਨੇਮ ਹਨ, ਜਿਹੜੇ ਗ਼ੈਰ-ਸਰਕਾਰੀ ਕੰਪਨੀਆਂ ਨਾਲ ਕਾਰੋਬਾਰ ਕਰਨ ਦੇ ਨੇਮਾਂ ਤੋਂ ਵੱਖ ਹਨ। ਅੰਤਰਰਾਸ਼ਟਰੀ ਕਨੂੰਨ ਸੰਗਠਨ ਵੱਲੋਂ ਅਗਾਊਂ ਲਿਖਤੀ ਮਨਜ਼ੂਰੀ ਦੇ ਬਿਨਾਂ ਕਿਸੇ ਵੀ ਦੇਸ਼ ਵਿੱਚ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਸਰਕਾਰੀ ਕਰਮਚਾਰੀ ਨੂੰ ਕੋਈ ਵੀ ਤੋਹਫ਼ੇ ਜਾਂ ਹੋਰ ਚੀਜ਼ਾਂ ਨਹੀਂ ਦਿੱਤੇ ਜਾ ਸਕਦੇ ਜਾਂ ਉਹਨਾਂ ਤੋਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਹਨ, ਚਾਹੇ ਇਹਨਾਂ ਦਾ ਮੁੱਲ ਕਿੰਨਾ ਵੀ ਹੋਵੇ।

ਕੋਲਗੇਟ ਦੇ ਲੋਕ ਸਰਕਾਰੀ ਅਧਿਕਾਰੀਆਂ ਜਾਂ ਸਰਕਾਰਾਂ ਨੂੰ ਤੋਹਫ਼ੇ ਦੇਣ ਨਾਲ ਸਬੰਧਿਤ ਵਾਧੂ ਜਾਣਕਾਰੀ, 'ਅੰਤਰਰਾਸ਼ਟਰੀ ਸਰਕਾਰੀ ਖਰਚਿਆਂ ਬਾਰੇ ਨੀਤੀ' ਅਤੇ ਸੰਬੰਧਿਤ ਮਨਜ਼ੂਰੀ ਫ਼ਾਰਮ ਅਤੇ ਪ੍ਰਕਿਰਿਆ ਨੂੰ ਦੇਖ ਕੇ, ਪ੍ਰਾਪਤ ਕਰ ਸਕਦੇ ਹਨ।

## ਅਸੀਂ ਕਾਰੋਬਾਰੀ ਭੇਤਾਂ ਅਤੇ ਰਾਜ਼ਦਾਰੀ ਵਾਲੀ ਜਾਣਕਾਰੀ ਦਾ ਸਤਿਕਾਰ ਕਰਦੇ ਹਾਂ

ਇਹ ਕੋਲਗੇਟ ਦੀ ਨੀਤੀ ਹੈ ਕਿ ਦੂਜਿਆਂ ਦੀ ਵੈਧ ਅਤੇ ਲਾਗੂ ਕਰਨ ਯੋਗ ਬੌਧਿਕ ਸੰਪਤੀ ਦੇ ਹੱਕਾਂ ਦੀ ਜਾਣ-ਬੁੱਝਕੇ ਉਲੰਘਣਾ ਨਾ ਕੀਤੀ ਜਾਏ। ਕੰਪਨੀ ਦੀ ਇਹ ਵੀ ਨੀਤੀ ਹੈ ਕਿ ਦੂਜਿਆਂ ਦੇ ਕਾਰੋਬਾਰੀ ਭੇਤਾਂ ਜਾਂ ਹੋਰ ਮਾਲਕੀ ਸਬੰਧੀ ਜਾਣਕਾਰੀ ਦਾ ਸਤਿਕਾਰ ਕੀਤਾ ਜਾਏ। ਇਹ ਵਿਸ਼ੇਸ਼ ਤੌਰ 'ਤੇ ਅਹਿਮ ਹੈ, ਜੇ ਤੁਸੀਂ ਕੋਲਗੇਟ ਵਿੱਚ ਸ਼ਾਮਲ ਹੁੰਦੇ ਹੋ ਅਤੇ ਤੁਹਾਨੂੰ ਸਾਬਕਾ ਨੌਕਰੀਦਾਤਾ ਦੇ ਕਾਰੋਬਾਰੀ ਭੇਤਾਂ ਜਾਂ ਮਾਲਕੀ ਸਬੰਧੀ ਜਾਣਕਾਰੀ ਬਾਰੇ ਪਤਾ ਹੋਵੇ। ਇੱਕ ਆਮ ਮਾਮਲੇ ਵਜੋਂ, ਮੁਕਾਬਲੇਬਾਜ਼ ਕੰਪਨੀਆਂ ਦੇ ਕਰਮਚਾਰੀਆਂ ਜਾਂ ਸਾਬਕਾ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਦੀ ਮਨਾਹੀ ਨਹੀਂ ਹੈ। ਹਾਲਾਂਕਿ, ਸਾਡੀਆਂ ਸਿੱਧੀਆਂ ਮੁਕਾਬਲੇਬਾਜ਼ ਕੰਪਨੀਆਂ ਦੇ ਬੰਦਿਆਂ ਨੂੰ ਨੌਕਰੀ 'ਤੇ ਰੱਖਣਾ ਕਨੂੰਨੀ ਖਤਰੇ ਖੜ੍ਹੇ ਕਰ ਸਕਦਾ ਹੈ ਜਿੰਨ੍ਹਾਂ ਦਾ ਪ੍ਰਬੰਧਨ ਕੀਤਾ ਜਾਣਾ ਲਾਜ਼ਮੀ ਹੈ, ਜਿਸ ਵਿੱਚ ਸਾਡੀਆਂ ਮੁਕਾਬਲੇਬਾਜ਼ ਕੰਪਨੀਆਂ ਜਾਂ ਹੋਰ ਤੀਜੀਆਂ ਧਿਰਾਂ ਦੀ ਗੁਪਤ ਜਾਂ ਮਾਲਿਕਾਨਾ ਜਾਣਕਾਰੀ ਹਾਸਲ ਕਰਨ ਦਾ ਖਤਰਾ ਵੀ ਸ਼ਾਮਲ ਹੈ। ਜੇ ਇਸ ਖੇਤਰ ਨਾਲ ਸਬੰਧਤ ਕੋਈ ਸਵਾਲ ਪੈਦਾ ਹੁੰਦੇ ਹਨ, ਤਾਂ ਤੁਹਾਨੂੰ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇ ਕੰਪਨੀ ਤੋਂ ਬਾਹਰ ਦਾ ਕੋਈ ਵੀ ਵਿਅਕਤੀ ਤੁਹਾਨੂੰ ਕਿਸੇ ਕਾਢ, ਖੋਜ ਜਾਂ ਵਿਚਾਰ ਦੇ ਨਾਲ ਮਿਲਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਭਵਿੱਖ ਵਿੱਚ ਹੋਣ ਵਾਲੀ ਉਲੰਘਣਾ ਜਾਂ ਮਾਲੀ ਦਾਅਵਿਆਂ ਤੋਂ ਕੰਪਨੀ ਦੀ ਰਾਖੀ ਕੀਤੀ ਜਾਏ। ਬਾਹਰ ਦੇ ਕਿਸੇ ਵੀ ਵਿਅਕਤੀਆਂ ਨੂੰ ਉਹਨਾਂ ਦੀ ਕਾਢ, ਖੋਜ ਜਾਂ ਨਵੇਂ ਵਿਚਾਰ ਦੀ ਕਿਸੇ ਵੀ ਜਾਣਕਾਰੀ ਨੂੰ ਪਹਿਲੇ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸਲਾਹ ਕੀਤੇ ਬਿਨਾਂ ਵਿਖਾਉਣ ਦੀ ਇਜਾਜ਼ਤ ਨਾ ਦਿਓ।

ਇਸ ਬਾਰੇ ਸੇਧਾਂ ਸਾਡੀ ਬਾਹਰੀ ਵੈੱਬਸਾਈਟ **www.colgate.com/innovation** 'ਤੇ ਦੇਖੀਆਂ ਜਾ ਸਕਦੀਆਂ ਹਨ, ਜਿਸਦੇ ਨਾਲ ਫ਼ਾਰਮ ਅਤੇ ਉਹਨਾਂ ਲੋਕਾਂ ਵਾਸਤੇ ਪਾਲਣਾ ਕੀਤੀ ਜਾਣ ਵਾਲੀ ਪ੍ਰਕਿਰਿਆ ਵੀ ਦਿੱਤੀ ਗਈ ਹੈ ਜੋ ਅਜਿਹੀ ਸਪੁਰਦਗੀ ਕਰਨਾ ਚਾਹੁੰਦੇ ਹਨ। ਜੇ ਤੁਸੀਂ ਬਿਨਾਂ ਮੰਗਣ ਤੋਂ ਕੋਈ ਫੁਰਨਾ (idea), ਸੁਝਾਅ ਜਾਂ ਪੁੱਛਗਿੱਛ ਪ੍ਰਾਪਤ ਕਰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਉਸ ਵਿਅਕਤੀ ਨੂੰ ਸਾਡੀ ਬਾਹਰੀ ਵੈੱਬਸਾਈਟ 'ਤੇ ਭੇਜਣਾ ਚਾਹੀਦਾ ਹੈ ਅਤੇ ਉਸਨੂੰ ਓਥੇ ਨਿਰਧਾਰਿਤ ਕੀਤੀ ਹੋਈ ਪ੍ਰਕਿਰਿਆ ਦੀ ਪਾਲਣਾ ਕਰਨ ਲਈ ਕਹਿਣਾ ਚਾਹੀਦਾ ਹੈ।

# ਖਪਤਕਾਰਾਂ ਦੇ ਨਾਲ ਸਾਡਾ ਰਿਸ਼ਤਾ

ਉਹ ਸਾਰੀਆਂ ਧਿਰਾਂ ਜੋ ਤੁਹਾਡੇ ਕੋਲ ਬੇਲੋੜੇ ਸੁਝਾਅ ਲੈ ਕੇ ਆਉਂਦੀਆਂ ਹਨ, ਉਹਨਾਂ ਦਾ ਹਵਾਲਾ ਜਾਂ ਤਾਂ ਅੰਤਰਰਾਸ਼ਟਰੀ ਕਨੂੰਨ ਸੰਗਠਨ ਜਾਂ ਤੁਹਾਡੀ ਕੰਮ ਵਾਲੀ ਥਾਂ 'ਤੇ ਉਪਲਬਧ ਖਪਤਕਾਰੀ ਮਾਮਲਿਆਂ ਬਾਰੇ ਵਿਭਾਗ ਨੂੰ ਕੰਪਨੀ ਦੇ ਅਮਲਾਂ ਮੁਤਾਬਕ ਨਜਿੱਠਣ ਲਈ ਦਿਓ।

ਸਾਡੀ ਕੰਪਨੀ ਦੀ ਸਾਖ਼ ਸਾਡੇ ਉਤਪਾਦਾਂ ਦੀ ਕੁਆਲਿਟੀ ਅਤੇ ਸੁਰੱਖਿਆ ਕਰਕੇ ਬਣੀ ਹੈ। ਖਪਤਕਾਰ ਦੀ ਸਿਹਤ ਅਤੇ ਸੁਰੱਖਿਆ ਪ੍ਰਤੀ ਸਾਡੀ ਵਚਨਬੱਧਤਾ, ਸਾਡੀ ਕੰਪਨੀ ਦੇ ਲਗਾਤਾਰ ਵਾਧੇ ਅਤੇ ਕਾਮਯਾਬੀ ਲਈ ਜ਼ਰੂਰੀ ਹੈ।

## ਅਸੀਂ ਆਪਣੇ ਉਤਪਾਦਾਂ ਲਈ ਸਭ ਤੋਂ ਉੱਚੇ ਮਿਆਰ ਤੈਅ ਕਰਦੇ ਹਾਂ

ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਖਪਤਕਾਰ, ਕੋਲਗੇਟ ਦੇ ਉਤਪਾਦਾਂ 'ਤੇ, ਉਹਨਾਂ ਦੀ ਭਰੋਯੋਗਤਾ, ਕੁਆਲਿਟੀ ਅਤੇ ਬਿਹਤਰੀਨ ਕਾਰਗੁਜ਼ਾਰੀ ਲਈ ਭਰੋਸਾ ਕਰ ਸਕਣ। ਸਾਡੇ ਵੱਲੋਂ ਕਾਰੋਬਾਰ ਕੀਤੇ ਜਾਣ ਵਾਲੇ ਬਾਜ਼ਾਰਾਂ ਵਿੱਚ ਅਰਬਾਂ ਲੋਕਾਂ ਦੀ ਸੇਵਾ ਕਰਨ ਤੋਂ ਇਲਾਵਾ, ਸਾਡੇ ਲਈ ਆਪਣੇ ਉਤਪਾਦਾਂ ਦਾ ਲਗਾਤਾਰ ਸਭ ਤੋਂ ਵੱਧ ਸੁਯੋਗ ਤਰੀਕੇ ਨਾਲ ਉਤਪਾਦਨ ਕਰਨ ਦੀ ਕੋਸ਼ਿਸ਼ ਕਰਨਾ ਲਾਜ਼ਮੀ ਹੈ, ਤਾਂ ਜੋ ਅਸੀਂ ਪੁੱਗਣਯੋਗ ਉਤਪਾਦ ਪੇਸ਼ਕਸ਼ਾਂ ਪ੍ਰਦਾਨ ਕਰਾ ਸਕੀਏ।

ਕੋਲਗੇਟ ਵੱਲੋਂ ਵੇਚੀਆਂ ਜਾਣ ਵਾਲੀਆਂ ਚੀਜ਼ਾਂ ਵਿੱਚ ਨਾ ਸਿਰਫ਼ ਕਾਨੂੰਨ ਵੱਲੋਂ ਤੈਅ ਸਾਰੇ ਸੁਰੱਖਿਆ ਮਿਆਰਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਬਲਕਿ ਆਮ ਤੌਰ 'ਤੇ ਸਾਡੀ ਕੰਪਨੀ ਦੇ ਜ਼ਿਆਦਾ ਸਖ਼ਤ ਮਿਆਰਾਂ ਨੂੰ ਵੀ ਪੂਰਾ ਕਰਨਾ ਚਾਹੀਦਾ ਹੈ। ਅਸੀਂ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਾਂ, ਤਾਂ ਜੋ ਉਤਪਾਦ ਨਾਲ ਛੇੜਛਾੜ, ਦੁਰਵਰਤੋਂ ਜਾਂ ਨਕਲੀ ਉਤਪਾਦ ਹੋਣ ਦੇ ਸ਼ੱਕੀ ਮਾਮਲਿਆਂ ਵਿੱਚ ਆਪਣੇ ਖਪਤਕਾਰਾਂ ਦੀ ਫ਼ੌਰਨ ਮਦਦ ਕੀਤੀ ਜਾ ਸਕੇ। ਖਪਤਕਾਰ ਦੀ ਸਿਹਤ, ਸੁਰੱਖਿਆ ਅਤੇ ਭਲਾਈ ਸਾਡੇ ਲਈ ਸਭ ਤੋਂ ਮਹੱਤਵਪੂਰਨ ਹਨ ਅਤੇ ਕੋਲਗੇਟ ਦੇ ਮੁਲਾਜ਼ਮ ਦੇ ਤੌਰ 'ਤੇ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਜੇ ਤੁਹਾਡੇ ਸਾਹਮਣੇ ਉਤਪਾਦ ਦੀ ਕੁਆਲਿਟੀ ਜਾਂ ਸੁਰੱਖਿਆ ਨਾਲ ਸਬੰਧਿਤ ਕੋਈ ਮਾਮਲੇ ਆਉਂਦੇ ਹਨ, ਤਾਂ ਤੁਹਾਨੂੰ ਅਜਿਹੇ ਮਾਮਲਿਆਂ ਦੀ ਜਾਣਕਾਰੀ ਫ਼ੌਰਨ ਆਪਣੀ ਕਾਰੋਬਾਰੀ ਯੂਨਿਟ ਦੇ ਮੁਖੀ ਨੂੰ ਦੇਣੀ ਚਾਹੀਦੀ ਹੈ।

ਸਾਡੇ ਸੰਘਟਕਾਂ (ingredients) ਦੀ ਸੁਰੱਖਿਆ ਬਾਰੇ ਵਧੀਕ ਜਾਣਕਾਰੀ ਵਾਸਤੇ, ਕਿਰਪਾ ਕਰਕੇ **ਸਾਡੀ ਨੀਤੀ ਸੰਘਟਕਾਂ ਦੀ ਸੁਰੱਖਿਆ (Our Policy on Ingredient Safety): ਪੀੜ੍ਹੀਆਂ ਲਈ ਤੁਹਾਡਾ ਵਿਸ਼ਵਾਸ ਕਮਾਉਣਾ, ਹਰ ਰੋਜ਼**।

## ਅਸੀਂ ਖਪਤਕਾਰਾਂ ਦੇ ਪ੍ਰਤੀ ਜਵਾਬਦੇਹ ਹਾਂ

ਕਿਉਂਕਿ ਸਾਡਾ ਕਾਰੋਬਾਰ ਖਪਤਕਾਰੀ ਉਤਪਾਦਾਂ ਦਾ ਹੈ, ਸਾਡੀ ਕਾਮਯਾਬੀ ਖਪਤਕਾਰ ਦੀ ਤਸੱਲੀ, ਵਿਸ਼ਵਾਸ ਅਤੇ ਸਾਖ਼ 'ਤੇ ਨਿਰਭਰ ਕਰਦੀ ਹੈ। ਅਸੀਂ ਖਪਤਕਾਰ ਨਾਲ ਸੰਚਾਰ ਦੇ ਟਿਕਾਊ ਅਤੇ ਵਾਜਬ ਪ੍ਰੋਗਰਾਮ ਅਪਣਾਕੇ ਆਪਣੇ ਉਦੇਸ਼ਾਂ ਨੂੰ ਬਿਹਤਰ ਢੰਗ ਨਾਲ ਹਾਸਲ ਕਰ ਸਕਦੇ ਹਾਂ ਅਤੇ ਖਪਤਕਾਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੇ ਹਾਂ।

ਅਸੀਂ ਖਪਤਕਾਰਾਂ ਦੀਆਂ ਜ਼ਰੂਰਤਾਂ ਅਤੇ ਤਰਜੀਹਾਂ ਲਈ ਪਹਿਲਾਂ ਤੋਂ ਅੰਦਾਜ਼ਾ ਲਾਉਣ ਅਤੇ ਪ੍ਰਤੀਕਰਮ ਦੇਣ ਦੀ ਅਹਿਮੀਅਤ ਨੂੰ ਸਮਝਦੇ ਹਾਂ। ਸਾਡਾ ਇਹ ਵੀ ਮੰਨਣਾ ਹੈ ਕਿ ਸਾਡੇ ਉਤਪਾਦਾਂ ਨਾਲ ਸਬੰਧਿਤ ਕੰਪਨੀ ਨੂੰ ਭੇਜੀ ਗਈ ਖਪਤਕਾਰ ਦੀ ਰਾਇ, ਚਿੰਤਾਵਾਂ ਅਤੇ ਪੁੱਛਗਿੱਛ ਜਾਣਕਾਰੀ ਦੇ ਅਹਿਮ ਸ੍ਰੋਤ ਹਨ। ਖਪਤਕਾਰ ਦੀਆਂ ਜ਼ਰੂਰਤਾਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ, ਇਸ ਲਈ ਸਾਨੂੰ ਲਗਾਤਾਰ ਸੁਣਨਾ ਚਾਹੀਦਾ ਹੈ ਕਿ ਲੋਕ ਕੀ ਚਾਹੁੰਦੇ ਹਨ ਤਾਂ ਜੋ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾਵੇ।

ਜਦੋਂ ਇੱਕ ਖਪਤਕਾਰ ਅਸੰਤੁਸ਼ਟੀ ਪ੍ਰਗਟਾਉਂਦਾ ਹੈ, ਤਾਂ ਸਾਡੀ ਖਪਤਕਾਰ ਸਬੰਧੀ ਮਾਮਲਿਆਂ ਦੀ ਟੀਮ ਸਮੱਸਿਆ ਦਾ ਨਿਪਟਾਰਾ ਫ਼ੌਰਨ, ਨਿਮਰਤਾ ਨਾਲ ਅਤੇ ਨਿਆਪੂਰਣ ਢੰਗ ਨਾਲ ਕਰੇਗੀ ਅਤੇ ਖਪਤਕਾਰ ਦੀ ਸਾਖ਼ ਬਣਾਈ ਰੱਖਣ ਜਾਂ ਫਿਰ ਤੋਂ ਹਾਸਿਲ ਕਰਨ ਲਈ ਹਰ ਢੁਕਵੀਂ ਕੋਸ਼ਿਸ਼ ਕਰੇਗੀ।

## ਸਾਡੇ ਵਿਗਿਆਪਨ ਇਮਾਨਦਾਰ ਅਤੇ ਦਰੁਸਤ ਹਨ

ਇਸ਼ਤਿਹਾਰਬਾਜ਼ੀ ਸਾਡੇ ਕਾਰੋਬਾਰ ਦੇ ਸਭ ਤੋਂ ਅਹਿਮ ਪਹਿਲੂਆਂ ਵਿਚੋਂ ਇੱਕ ਹੈ। ਇਸ਼ਤਿਹਾਰਬਾਜ਼ੀ ਰਚਨਾਤਮਕ ਅਤੇ ਮੁਕਾਬਲੇਬਾਜ਼ੀ ਵਾਲੀ ਹੋਣੀ ਚਾਹੀਦੀ ਹੈ, ਪਰ ਇਸ ਦੇ ਨਾਲ-ਨਾਲ ਇਹ ਈਮਾਨਦਾਰ, ਦਰੁਸਤ, ਕੁਰਾਹੇ ਨਾ ਪਾਉਣ ਵਾਲੀ, ਅਤੇ ਲਾਗੂ ਹੋਣ ਵਾਲੇ ਸਾਰੇ ਕਾਨੂੰਨਾਂ ਦੀ ਪਾਲਣਾ ਕਰਦੀ ਵੀ ਹੋਣੀ ਚਾਹੀਦੀ ਹੈ।

ਇਸ਼ਤਿਹਾਰਬਾਜ਼ੀ ਉਤਪਾਦ ਦੀ ਪੈਂਠ ਨਾਲੋਂ ਵੱਧ ਸਿਰਜਣਾ ਕਰਦੀ ਹੈ। ਇਹ ਭਰੋਸੇਯੋਗਤਾ, ਨਿਰਭਰਤਾ ਅਤੇ ਵਿਸ਼ਵਾਸਯੋਗਤਾ ਲਈ ਸਾਡੀ ਸਾਖ਼ ਬਣਾਉਂਦੀ ਹੈ।

ਇਸ ਤੋਂ ਇਲਾਵਾ, ਅਸੀਂ ਉਸ ਮੀਡੀਆ ਦੀ ਚੋਣ ਵਿੱਚ ਸਾਵਧਾਨੀ ਵਰਤਦੇ ਹਾਂ ਜਿਸ ਵਿੱਚ ਸਾਡੇ ਵਿਗਿਆਪਨ ਸੰਦੇਸ਼ ਨਜ਼ਰ ਆਉਂਦੇ ਹਨ। ਅਸੀਂ ਆਪਣੇ ਇਸ਼ਤਿਹਾਰਾਂ ਨੂੰ ਅਜਿਹੇ ਵਾਤਾਵਰਨ ਵਿੱਚ ਦਿਖਾਏ ਜਾਣ ਦੀ ਇਜਾਜ਼ਤ ਨਹੀਂ ਦਿੰਦੇ ਹਾਂ ਜੋ ਸਾਡੇ ਕੰਪਨੀ ਦੀਆਂ ਕਦਰਾਂ-ਕੀਮਤਾਂ ਨਾਲ ਅਸੰਗਤ ਹਨ; ਇਸ ਵਿੱਚ ਉਹ ਸਮੱਗਰੀ ਸ਼ਾਮਲ ਹੈ ਜੋ:

- ਬੇਲੋੜੀ ਜਾਂ ਬਹੁਤ ਜ਼ਿਆਦਾ ਹਿੰਸਾ ਨੂੰ ਦਰਸਾਉਂਦੀ ਹੈ।
- ਜਿੰਨ੍ਹਾਂ ਨੂੰ ਕੋਲਗੇਟ ਵੱਲੋਂ ਸਮਾਜ-ਵਿਰੋਧੀ ਜਾਂ ਅਸ਼ਲੀਲ ਸਮਝਿਆ ਜਾਂਦਾ ਹੈ, ਜਾਂ ਜੋ ਦਰਸ਼ਕਾਂ ਵੱਲੋਂ ਨਕਲ ਉਤਾਰੇ ਜਾਣ ਰਾਹੀਂ ਸਮਾਜ-ਵਿਰੋਧੀ ਵਤੀਰੇ ਨੂੰ ਤੂਲ ਦੇ ਸਕਦੇ ਹਨ।
- ਜਿੰਨ੍ਹਾਂ ਵਿੱਚ ਅਜਿਹਾ ਜਿਨਸੀ ਵਤੀਰਾ ਹੈ ਜਿਸਨੂੰ ਅਪਮਾਨਜਨਕ ਸਮਝਿਆ ਜਾਂਦਾ ਹੈ।
- ਜੋ ਅਜਿਹੀਆਂ ਸਰਗਰਮੀਆਂ ਨੂੰ ਪ੍ਰਤੱਖ ਜਾਂ ਗੁੱਝੀ ਹਿਮਾਇਤ ਦਿੰਦੇ ਹਨ ਜੋ ਕਿਸੇ ਵਿਅਕਤੀ-ਵਿਸ਼ੇਸ਼ ਦੀ ਸਰੀਰਕ ਜਾਂ ਮਾਨਸਿਕ ਸਿਹਤ ਦਾ ਸੋਸ਼ਣ ਕਰ ਸਕਦੀਆਂ ਹਨ।
- ਜੋ ਲੋਕਾਂ ਦੀ ਉਮਰ, ਕੌਮੀ ਜਾਂ ਨਸਲੀ ਮੂਲ, ਨਾਗਰਿਕਤਾ, ਲਿੰਗ ਜਾਂ ਲਿੰਗੀ ਪਛਾਣ, ਜਿਨਸੀ ਝੁਕਾਓ, ਜਾਤੀ, ਧਰਮ, ਨਾਗਰਿਕਤਾ ਦੇ ਕਰਕੇ ਉਹਨਾਂ ਦੀ ਬੇਇੱਜ਼ਤੀ ਕਰਦੇ ਹਨ, ਮਜ਼ਾਕ ਉਠਾਉਂਦੇ ਹਨ, ਜਾਂ ਨਿਰਾਦਰ ਕਰਦੇ ਹਨ ਜਾਂ ਕਿਸੇ ਹੋਰ ਕਿਸਮ ਦੇ ਅਣਉਚਿਤ ਰੂੜੀਵਾਦੀਪਣ ਵਿੱਚ ਸੰਮਿਲਤ ਹੁੰਦੇ ਹਨ।
- ਰਾਜਨੀਤਿਕ ਵਿਚਾਰ ਜਾਂ ਰਾਏ ਪ੍ਰਗਟ ਕਰਦੀ ਹੈ।

ਇਹ ਯਕੀਨੀ ਬਣਾਉਣ ਲਈ ਕਿ ਅਸੀਂ ਵੱਧ ਰਹੇ ਡਿਜੀਟਲ ਵਾਤਾਵਰਣ ਵਿੱਚ ਇਸ ਵਾਅਦੇ ਨੂੰ ਪੂਰਾ ਕਰ ਰਹੇ ਹਾਂ, ਅਸੀਂ ਆਪਣੀ ਡਿਜੀਟਲ ਇਸ਼ਤਿਹਾਰਬਾਜ਼ੀ 'ਤੇ ਵੱਧ ਤੋਂ ਵੱਧ ਸੰਭਵ ਹੱਦ ਤੱਕ ਤੀਜੀ ਧਿਰ ਦੀ ਬ੍ਰਾਂਡ ਸੁਰੱਖਿਆ ਤਕਨਾਲੋਜੀ ਦੀ ਵਰਤੋਂ ਨੂੰ ਲਾਜ਼ਮੀ ਕਰਦੇ ਹਾਂ।

ਅੰਤ ਵਿੱਚ, ਅਸੀਂ ਪ੍ਰਚਲਿਤ ਕਨੂੰਨਾਂ ਦੀ ਪਾਲਣਾ ਕਰਕੇ ਅਤੇ ਸੰਚਾਰ ਵਿੱਚ ਡੇਟਾ ਦੀ ਵਰਤੋਂ ਸੰਬੰਧੀ ਗੁਪਤਤਾ ਲਈ ਉੱਚਤਮ ਆਚਾਰਕ ਅਤੇ ਨੈਤਿਕ ਮਿਆਰਾਂ ਨੂੰ ਲਾਗੂ ਕਰਕੇ ਉਸ ਭਰੋਸੇ ਅਤੇ ਸਤਿਕਾਰ ਨੂੰ ਵਾਪਸ ਕਰਦੇ ਹਾਂ ਜੋ ਲੋਕ ਸਾਨੂੰ ਦਿੰਦੇ ਹਨ ਜਦੋਂ ਉਹ ਸਾਡੇ ਉਤਪਾਦ ਖਰੀਦਦੇ ਹਨ।

ਅਸੀਂ ਵਿਗਿਆਪਨ, ਟ੍ਰੇਡਮਾਰਕ ਅਤੇ ਡਿਜ਼ਾਈਨ ਤਿਆਰ ਕਰਨ, ਵਰਤੋਂ ਕਰਨ ਅਤੇ ਉਸਦੀ ਚੋਣ ਕਰਨ ਵਿੱਚ ਵਪਾਰਕ ਨਿਰਪੱਖਤਾ ਦੇ ਮਿਆਰਾਂ ਦੀ ਪਾਲਣਾ ਕਰਦੇ ਹਾਂ, ਤਾਂ ਜੋ ਸਾਡੇ ਉਤਪਾਦ ਆਪਣੀ ਕੁਆਲਿਟੀ ਦੀ ਤਾਕਤ ਅਤੇ ਸਾਡੀ ਸਾਖ਼ ਕਰਕੇ ਕਾਮਯਾਬ ਹੋਣ, ਬਜਾਇ ਇਸਦੀ ਕਿ ਅਸੀਂ ਨਕਲ ਕਰੀਏ ਜਾਂ ਮੁਕਾਬਲੇਬਾਜ਼ਾ ਦੀ ਸਾਖ਼ 'ਤੇ ਵਪਾਰ ਕਰੀਏ। ਵਪਾਰਕ ਨਿਰਪੱਖਤਾ ਲਈ ਹੇਠਾਂ ਦਿੱਤਿਆਂ ਦੀ ਲੋੜ ਹੁੰਦੀ ਹੈ:

- ਟ੍ਰੇਡਮਾਰਕ ਦੀ ਉਲੰਘਣਾ ਅਤੇ ਅਣਉਚਿਤ ਮੁਕਾਬਲੇਬਾਜ਼ੀ ਨਾਲ ਸਬੰਧਿਤ ਸਥਾਨਕ ਕਾਨੂੰਨੀ ਲੋੜਾਂ ਦੀ ਸਖ਼ਤੀ ਨਾਲ ਪਾਲਣਾ।
- ਜਾਣੇ-ਪਛਾਣੇ ਟ੍ਰੇਡਮਾਰਕ, ਸਲੋਗਨਾਂ, ਵਿਗਿਆਪਨ ਦੇ ਵਿਸ਼ੇ ਅਤੇ ਬਹੁਰਾਸ਼ਟਰੀ ਕੰਪਨੀਆਂ ਅਤੇ ਪ੍ਰਦੇਸ਼ੀ ਮੁਕਾਬਲੇਬਾਜ਼ਾਂ ਵੱਲੋਂ ਵਰਤੇ ਜਾਣ ਵਾਲੇ ਗ੍ਰਾਫ਼ਿਕਸ ਦੀ ਨਕਲ ਤੋਂ ਬਚਣਾ।

ਕੋਲਗੇਟ ਦੇ ਲੋਕ 'ਇਸ਼ਤਿਹਾਰਬਾਜ਼ੀ ਅਤੇ ਇਸ਼ਤਿਹਾਰਬਾਜ਼ੀ ਦੀ ਸਥਾਪਤੀ' ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ'** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

# ਕਾਨੂੰਨ ਦੇ ਨਾਲ ਸਾਡਾ ਰਿਸ਼ਤਾ

## ਅਸੀਂ ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਲਈ ਕੰਪਨੀ ਦੇ ਕਾਰੋਬਾਰ ਦਾ ਸੰਚਾਲਨ ਇਸ ਤਰੀਕੇ ਨਾਲ ਕਰਨਾ ਲਾਜ਼ਮੀ ਹੈ ਤਾਂ ਜੋ ਉਹਨਾਂ ਦੇਸ਼ਾਂ ਦੇ ਕਾਨੂੰਨਾਂ ਜਿੱਥੇ ਇਹ ਕੰਮ ਕਰਦੇ ਹਨ, ਅਤੇ ਨਾਲ ਹੀ ਕੰਪਨੀ ਦੀਆਂ ਕਾਰੋਬਾਰੀ ਚਲਾਉਣ ਸਬੰਧੀ ਸੇਧਾਂ, ਨੀਤੀਆਂ ਅਤੇ ਅਮਲਾਂ ਵਿੱਚ ਉਜਾਗਰ ਕੀਤੇ ਮੁਤਾਬਕ ਯੂਨਾਈਟਿਡ ਸਟੇਟਸ ਦੇ ਸਬੰਧਤ ਕਾਨੂੰਨਾਂ ਦੀ ਪੂਰੀ ਪਾਲਣਾ ਕੀਤੀ ਜਾਵੇ। ਜੇ ਤੁਹਾਡਾ ਮੰਨਣਾ ਹੈ ਕਿ ਸਥਾਨਕ ਕਾਨੂੰਨ ਅਤੇ ਸਬੰਧਤ ਯੂ.ਐਸ. ਕਾਨੂੰਨ ਜਾਂ ਕੰਪਨੀ ਦੀ ਨੀਤੀ ਦੇ ਵਿਚਕਾਰ ਕੋਈ ਵਿਵਾਦ ਹੈ ਤਾਂ ਕਿਰਪਾ ਕਰਕੇ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸਲਾਹ-ਮਸ਼ਵਰਾ ਕਰੋ।

## ਅਸੀਂ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਨ

ਕੋਲਗੇਟ ਅਤੇ ਪੂਰੀ ਦੁਨੀਆ ਵਿੱਚ ਇਸ ਦੇ ਮੁਲਾਜ਼ਮਾਂ ਨੂੰ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ (ਅਮਰੀਕਾ ਵਿੱਚ ਐਂਟੀ-ਟ੍ਰਸਟ ਕਾਨੂੰਨਾਂ ਵਜੋਂ ਜਾਣਿਆ ਜਾਂਦਾ ਹੈ) ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਹਰ ਦੇਸ਼, ਪ੍ਰਦੇਸ਼ ਅਤੇ ਇਲਾਕੇ ਵਿੱਚ ਲਾਗੂ ਹੁੰਦੇ ਹਨ ਜਿੱਥੇ ਅਸੀਂ ਕਾਰੋਬਾਰ ਕਰਦੇ ਹਾਂ। ਇਹਨਾਂ ਕਾਨੂੰਨਾਂ ਦਾ ਉਦੇਸ਼ ਖਪਤਕਾਰਾਂ ਜਾਂ ਹੋਰ ਕੰਪਨੀਆਂ ਦੀ ਰਾਖੀ ਕਰਨਾ ਹੈ, ਇਹ ਯਕੀਨੀ ਬਣਾ ਕੇ ਕਿ ਕੰਪਨੀਆਂ ਮੁਕਾਬਲੇਦਾਰ ਕੀਮਤਾਂ, ਨਵੇਂ ਤੋਂ ਨਵੇਂ ਉਤਪਾਦਾਂ ਅਤੇ ਬਿਹਤਰ ਸੇਵਾ ਦੀ ਪੇਸ਼ਕਸ਼ ਨਾਲ ਨਿਰਪੱਖਤਾ ਨਾਲ ਮੁਕਾਬਲੇਬਾਜ਼ੀ ਕਰਦੀਆਂ ਹਨ ਅਤੇ ਇਹ ਕਿ ਕੰਪਨੀਆਂ ਸਪਲਾਈ ਅਤੇ ਮੰਗ ਦੀਆਂ ਬਜ਼ਾਰੀ ਤਾਕਤਾਂ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਦੀਆਂ। ਅਸਲ ਵਿੱਚ ਹਰ ਦੇਸ਼ ਨੇ ਮੁਕਾਬਲੇਬਾਜ਼ੀ ਸਬੰਧੀ ਕਾਨੂੰਨ ਬਣਾਏ ਹਨ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਜਿਥੇ ਕੋਲਗੇਟ ਕਾਰੋਬਾਰ ਕਰ ਰਹੀ ਹੈ, ਅਸੀਂ ਉਥੋਂ ਦੇ ਲਾਗੂ ਹੁੰਦੇ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ ਨੂੰ ਸਮਝੀਏ ਅਤੇ ਲੋੜ ਪੈਣ 'ਤੇ ਅੰਤਰਰਾਸ਼ਟਰੀ ਕਨੂੰਨ ਸੰਗਠਨ ਤੋਂ ਸੇਧ ਲਈਏ।

ਦੁਨੀਆਂ ਭਰ ਵਿਚਲੇ ਮੁਕਾਬਲੇਬਾਜ਼ੀ ਸੰਬੰਧੀ ਕਾਨੂੰਨ ਮੁਕਾਬਲੇਬਾਜ਼ਾਂ ਦੇ ਵਿਚਕਾਰ ਮੁਕਾਬਲੇਬਾਜ਼ੀ ਨੂੰ ਨੁਕਸਾਨ ਪਹੁੰਚਾਉਣ ਦਾ ਪ੍ਰਭਾਵ ਪਾ ਸਕਣ ਵਾਲੇ ਕਿਸੇ ਸਮਝੌਤਿਆਂ 'ਤੇ ਪਾਬੰਦੀ ਲਾਉਂਦੇ ਹਨ। ਪਾਲਣਾ ਕਰਨ ਦੀ ਕੁੰਜੀ ਸੁਤੰਤਰਤਾ ਹੈ। ਕੋਲਗੇਟ ਨੂੰ ਆਪਣੀਆਂ ਹੇਠ ਲਿਖੀਆਂ ਕਾਰੋਬਾਰੀ ਸਰਗਰਮੀਆਂ ਵਿੱਚ ਸੁਤੰਤਰਤਾ ਨਾਲ ਕੰਮ ਕਰਨਾ ਚਾਹੀਦਾ ਹੈ:

- ਕੀਮਤਾਂ ਤੈਅ ਕਰਨਾ
- ਡਿਸਕਾਊਂਟ ਜਾਂ ਪਰਮੋਸ਼ਨਾਂ
- ਖਰੀਦ ਅਤੇ ਵਿਕਰੀ ਦੀਆਂ ਸ਼ਰਤਾਂ
- ਗਾਹਕਾਂ, ਡਿਸਟ੍ਰੀਬਿਊਟਰਾਂ ਜਾਂ ਸਪਲਾਇਰਾਂ ਦੀ ਚੋਣ ਕਰਨਾ
- ਉਤਪਾਦਨ ਲਈ ਉਤਪਾਦਾਂ ਦੀ ਚੋਣ ਕਰਨਾ ਅਤੇ ਇਹ ਕਿ ਕਿੰਨੀ ਵਿਕਰੀ ਕੀਤੀ ਜਾਏ
- ਕਰਮਚਾਰੀਆਂ ਨੂੰ ਕੰਮ 'ਤੇ ਰੱਖਣਾ

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇੱਕ ਗੈਰ-ਕਨੂੰਨੀ ਸਮਝੌਤਾ, ਇੱਕ ਰਸਮੀ ਦਸਤਾਵੇਜ਼ ਦੇ ਰੂਪ ਵਿੱਚ ਹੋਣਾ ਅਤੇ ਇਥੋਂ ਤੱਕ ਕਿ ਲਿਖਤ ਵਿੱਚ ਹੋਣਾ ਵੀ ਜ਼ਰੂਰੀ ਨਹੀਂ ਹੁੰਦਾ। ਇਹ ਇੱਕ ਜ਼ੁਬਾਨੀ ਸਮਝੌਤਾ ਹੋ ਸਕਦਾ ਹੈ ਜਾਂ ਬੱਸ ਕਾਰੋਬਾਰੀ ਵਿਹਾਰ ਦੇ ਕ੍ਰਮ ਜਾਂ ਇਤਫ਼ਾਕੀਆ ਟਿੱਪਣੀਆਂ ਤੋਂ ਸਮਝਿਆ ਜਾ ਸਕਦਾ ਹੈ। ਕਿਸੇ ਸਮਝੌਤੇ ਦੇ ਗੈਰ-ਕਾਨੂੰਨੀ ਹੋਣ ਲਈ ਇਸ ਨੂੰ ਸਫਲਤਾ ਨਾਲ ਲਾਗੂ ਵੀ ਨਹੀਂ ਕਰਨਾ ਹੁੰਦਾ।

ਕੰਪਨੀਆਂ ਦੀ ਸੁਤੰਤਰਤਾ ਪ੍ਰਭਾਵਿਤ ਹੋ ਸਕਦੀ ਹੈ, ਅਤੇ ਇੱਕ ਗੈਰ-ਕਾਨੂੰਨੀ ਸਮਝੌਤੇ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ, ਜਦੋਂ ਮੁਕਾਬਲੇਬਾਜ਼ ਵਰਤਮਾਨ ਜਾਂ ਭਵਿੱਖੀ ਕਾਰੋਬਰੀ ਯੋਜਨਾਵਾਂ (ਉਦਾਹਰਨ ਲਈ, ਕੀਮਤ ਵਿੱਚ ਯੋਜਨਾਬੱਧ ਵਾਧਾ, ਸਪਲਾਇਰਾਂ ਵੱਲੋਂ ਲਗਾਈਆਂ ਗਈਆਂ ਕੀਮਤਾਂ, ਨਵੇਂ ਉਤਪਾਦ ਲਾਂਚ ਕਰਨਾ, ਭਰਤੀ ਕਰਨ ਅਤੇ ਕੰਮ 'ਤੇ ਰੱਖਣ ਦੀਆਂ ਯੋਜਨਾਵਾਂ ਆਦਿ) ਬਾਰੇ ਗੁਪਤ ਜਾਂ ਗੈਰ-ਸਰਵਜਨਿਕ ਜਾਣਕਾਰੀ ਨੂੰ ਸਾਂਝਾ ਕਰਦੇ ਜਾਂ ਪ੍ਰਾਪਤ ਕਰਦੇ ਹਨ। ਇਸ ਨੂੰ ਵਪਾਰ ਸੰਘ ਸਰਵੇਖਣਾਂ ਅਤੇ ਮੀਟਿੰਗਾਂ ਦੌਰਾਨ ਖਾਸ ਤੌਰ 'ਤੇ ਚੇਤੇ ਰੱਖਣਾ ਜ਼ਰੂਰੀ ਹੈ। ਸਾਧਾਰਨ ਤੌਰ 'ਤੇ, ਤੁਹਾਨੂੰ ਕਿਸੇ ਮੀਟਿੰਗ (ਭਾਵੇਂ ਵਿਅਕਤੀਗਤ ਤੌਰ 'ਤੇ, ਵਰਚੁਅਲ ਜਾਂ Facebook ਜਾਂ Whatsapp ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਹੋਵੇ) ਵਿੱਚ ਭਾਗੀਦਾਰੀ ਕਰਨ ਤੋਂ ਪਹਿਲਾਂ ਅੰਤਰਰਾਸ਼ਟਰੀ ਕਨੂੰਨ ਸੰਗਠਨ ਤੋਂ ਲਾਜ਼ਮੀ ਮਨਜ਼ੂਰੀ ਲੈਣੀ ਚਾਹੀਦੀ ਹੈ, ਜਿੱਥੇ ਇਕ ਮੁਕਾਬਲੇਬਾਜ਼ ਮੌਜੂਦ ਹੋ ਸਕਦਾ ਹੈ। ਤੁਹਾਨੂੰ ਕਦੇ ਵੀ ਮੁਕਾਬਲੇਬਾਜ਼ਾਂ ਦੇ ਨਾਲ ਕੰਪਨੀ ਦੀ ਗੁਪਤ ਜਾਣਕਾਰੀ ਨੂੰ ਸਾਂਝਾ ਨਹੀਂ ਕਰਨਾ ਚਾਹੀਦਾ। ਜੇ ਤੁਸੀਂ ਇੱਕ ਮੁਕਾਬਲੇਬਾਜ਼ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹੋ ਜੋ ਤੁਸੀਂ ਮੰਨਦੇ ਹੋ ਗੁਪਤ ਹੋ ਸਕਦੀ ਹੈ,

ਤਾਂ ਤੁਹਾਨੂੰ ਤੁਰੰਤ ਅੰਤਰਰਾਸ਼ਟਰੀ ਕਨੂੰਨ ਸੰਗਠਨ ਨੂੰ ਖ਼ਬਰ ਦੇਣੀ ਚਾਹੀਦੀ ਹੈ। ਤੁਹਾਨੂੰ ਪਹਿਲਾਂ ਕਾਨੂੰਨੀ ਮਨਜ਼ੂਰੀ ਪ੍ਰਾਪਤ ਕੀਤੇ ਬਿਨਾਂ ਇਹ ਜਾਣਕਾਰੀ ਲਾਜ਼ਮੀ ਤੌਰ 'ਤੇ ਵਰਤਣੀ ਜਾਂ ਸਾਂਝੀ ਨਹੀਂ ਕਰਨੀ ਚਾਹੀਦੀ।

ਮੁਕਾਬਲੇਬਾਜ਼ੀ ਦੇ ਕਾਨੂੰਨ ਪ੍ਰਭਾਵੀ ਕੰਪਨੀਆਂ ਦੁਆਰਾ ਲੁੱਟਮਾਰ ਵਾਲੇ ਜਾਂ ਤਰਫ਼ਦਾਰੀ ਕੰਮਾਂ ਦੇ ਖਿਲਾਫ਼ ਵੀ ਰਾਖੀ ਕਰਦੇ ਹਨ, ਤਾਂ ਜੋ ਯਕੀਨੀ ਬਣਾਇਆ ਜਾਵੇ ਕਿ ਮੁਕਾਬਲੇਬਾਜ਼ੀ ਖੇਡਣ ਵਾਲਾ ਮੈਦਾਨ ਖੁੱਲ੍ਹਾ ਅਤੇ ਨਿਰਪੱਖ ਹੈ। ਉਹ ਕੰਮ, ਜੋ ਗੈਰ-ਪ੍ਰਭਾਵੀ ਕੰਪਨੀਆਂ ਦੁਆਰਾ ਕੀਤੇ ਜਾਣ 'ਤੇ ਕਾਨੂੰਨੀ ਹੋਣਗੇ, ਪਰ ਜੋ ਪ੍ਰਭਾਵੀ ਖਿਡਾਰੀਆਂ ਦੁਆਰਾ ਕੀਤੇ ਜਾਣ ਤਾਂ ਗੈਰ-ਕਾਨੂੰਨੀ ਮੰਨੇ ਜਾ ਸਕਦੇ ਹਨ। ਜਿਹੜੇ ਦੇਸ਼ਾਂ ਵਿੱਚ ਕੋਲਗੇਟ ਦਾ ਬਹੁਤ ਤਕੜਾ ਬਜ਼ਾਰੀ ਹਿੱਸਾ ਹੈ, ਤੁਹਾਨੂੰ ਆਪਣੇ ਸਥਾਨਕ ਕਾਨੂੰਨੀ ਨੁਮਾਇੰਦੇ ਨੂੰ ਲਾਜ਼ਮੀ ਤੌਰ 'ਤੇ ਪੁੱਛਣਾ ਚਾਹੀਦਾ ਹੈ, ਤਾਂ ਜੋ ਯਕੀਨੀ ਬਣਾਇਆ ਜਾਵੇ ਕਿ ਕਲਪਨਾ ਕੀਤੇ ਕੁਝ ਕੰਮ (ਉਦਾਹਰਨ ਲਈ, ਇਕ ਵਿਸ਼ੇਸ਼ ਡਿਸਕਾਊਂਟ ਨੀਤੀ ਜਾਂ ਵੇਚਣ ਦੀ ਮਨਾਹੀ) ਇਕ ਪ੍ਰਭਾਵੀ ਸਥਿਤੀ ਦੀ ਦੁਰਵਰਤੋਂ ਨਹੀਂ ਮੰਨੇ ਜਾਣਗੇ।

ਮੁਕਾਬਲੇਬਾਜ਼ੀ ਦੇ ਕਾਨੂੰਨ ਸਪਲਾਇਰਾਂ ਅਤੇ ਉਹਨਾਂ ਦੇ ਗਾਹਕਾਂ ਅਤੇ ਡਿਸਟ੍ਰੀਬਿਊਟਰਾਂ ਦੇ ਵਿਚਕਾਰ ਰਿਸ਼ਤਿਆਂ 'ਤੇ ਕੁਝ ਬੰਦਸ਼ਾਂ ਵੀ ਲਗਾਉਂਦੇ ਹਨ। ਜ਼ਿਆਦਾਤਰ ਦੇਸ਼ਾਂ ਵਿੱਚ, ਕੀਮਤਾਂ ਜਾਂ ਵਿਕਰੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਤੈਅ ਕਰਨ ਲਈ ਗਾਹਕਾਂ ਜਾਂ ਡਿਸਟ੍ਰੀਬਿਊਟਰਾਂ ਨੂੰ ਉਹਨਾਂ ਦੀ ਸੁਤੰਤਰਤਾ ਤੋਂ ਵਾਂਝੇ ਕਰਨਾ, ਜਾਂ ਸੁਤੰਤਰਤਾ ਨਾਲ ਕੰਮ ਕਰਨ ਲਈ ਉਹਨਾਂ ਦੇ ਅਧਿਕਾਰਾਂ ਨੂੰ ਸੀਮਿਤ ਕਰਨਾ, ਮੁਕਾਬਲੇਬਾਜ਼ੀ ਦੇ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ। ਸਾਡੇ ਗਾਹਕਾਂ ਲਈ ਇਸ ਗੱਲ ਉੱਤੇ ਜ਼ੋਰ ਦੇਣਾ ਮਹੱਤਵਪੂਰਨ ਹੈ ਕਿ ਸਾਡੀਆਂ "ਸਿਫਾਰਿਸ਼ ਕੀਤੀਆਂ ਰੀਟੇਲ (ਜਾਂ ਰੀਸੇਲ) ਵਿਕਰੀ ਕੀਮਤਾਂ" ਤਾਂ ਬੱਸ - ਸਿਫਾਰਿਸ਼ੀ ਹੀ ਹਨ। ਗਾਹਕ ਹਮੇਸ਼ਾ ਆਪਣੀ ਚੁਣੀ ਗਈ ਕਿਸੇ ਵੀ ਕੀਮਤ ਉੱਤੇ ਵੇਚਣ ਲਈ ਮੁਕਤ ਹੁੰਦੇ ਹਨ।

ਮੁਕਾਬਲੇਬਾਜ਼ੀ ਦੇ ਕਨੂੰਨਾਂ ਦੀ ਉਲੰਘਣਾ ਕਰਨ ਦੇ ਨਤੀਜੇ ਬੇਹੱਦ ਗੰਭੀਰ ਹੁੰਦੇ ਹਨ ਅਤੇ ਉਨ੍ਹਾਂ ਦਾ ਨਤੀਜਾ ਕੰਪਨੀਆਂ ਲਈ ਵੱਡੇ ਜੁਰਮਾਨੇ ਅਤੇ ਕਿਸੇ ਸ਼ਾਮਲ ਵਿਅਕਤੀਆਂ ਲਈ ਪੈਨਲਟੀਆਂ (ਕੈਦ ਸਮੇਤ) ਹੋ ਸਕਦਾ ਹੈ। ਮੁਕਾਬਲੇਬਾਜ਼ੀ ਨੂੰ ਰੋਕਣ ਵਾਲੇ ਸੰਭਾਵੀ ਵਿਹਾਰ ਸੰਬੰਧੀ ਜਾਂਚਾਂ ਵੀ ਅਹਿਮ ਸਾਖ਼-ਸਬੰਧੀ ਨੁਕਸਾਨ ਅਤੇ ਕਾਰੋਬਾਰ ਦੇ ਵਿਨਾਸ਼ ਦਾ ਕਾਰਨ ਬਣ ਸਕਦੀਆਂ ਹਨ।

ਜੇ ਤੁਹਾਨੂੰ ਕੋਈ ਸ਼ੱਕ ਹੈ ਕਿ ਕੀ ਕਲਪਨਾ ਕੀਤੇ ਜਾਣ ਵਾਲੇ ਕੰਮ ਕਰਕੇ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ ਹੇਠ ਮੁੱਦੇ ਉੱਠ ਸਕਦੇ ਹਨ ਤਾਂ ਤੁਹਾਨੂੰ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਕੋਲਗੇਟ ਦੇ ਲੋਕ 'ਮੁਕਾਬਲੇਬਾਜ਼ੀ ਕਨੂੰਨਾਂ' ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ'** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

## *ਅਸੀਂ ਸਿਕਿਓਰਟੀਆਂ ਸਬੰਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ*

ਕਿਸੇ ਮੌਕੇ 'ਤੇ ਤੁਹਾਡੇ ਕੋਲ ਕੋਲਗੇਟ ਜਾਂ ਹੋਰ ਸਾਰਵਜਨਿਕ ਤੌਰ 'ਤੇ ਵਪਾਰ ਕਰਨ ਵਾਲੀਆਂ ਕੰਪਨੀਆਂ ਬਾਰੇ ਜਾਣਕਾਰੀ ਤੱਕ ਪਹੁੰਚ ਹੋ ਸਕਦੀ ਹੈ, ਜਿੰਨ੍ਹਾਂ ਨਾਲ ਕੋਲਗੇਟ ਕਾਰੋਬਾਰ ਕਰਦੀ ਹੈ ਜਾਂ ਗੱਲਬਾਤ ਕਰ ਰਹੀ ਹੈ, ਜਿਸ ਬਾਰੇ ਸਾਰਵਜਨਿਕ ("ਗ਼ੈਰ- ਸਾਰਵਜਨਿਕ ਜਾਣਕਾਰੀ") ਤੌਰ 'ਤੇ ਪਤਾ ਨਹੀਂ ਹੈ - ਜਿਵੇਂ ਕਿ ਮਾਲੀ ਜਾਂ ਕਾਰਵਾਈ ਦੇ ਨਤੀਜੇ, ਸੰਭਵ ਤੌਰ 'ਤੇ ਰਲੇਵਾਂ ਜਾਂ ਪ੍ਰਾਪਤੀਆਂ, ਵਿਨਿਵੇਸ਼ ਕਰਨਾ ਜਾਂ ਵਿੱਤੀ ਸਹਾਇਤਾ ਦੇਣਾ, ਮਾਰਕੀਟਿੰਗ ਦੀਆਂ ਯੋਜਨਾਵਾਂ ਜਾਂ ਨਵੇਂ ਉਤਪਾਦਾਂ ਦੀ ਸ਼ੁਰੂਆਤ ਕਰਨਾ।

ਜਾਣਕਾਰੀ ਉਸ ਵੇਲੇ ਤੱਕ ਗ਼ੈਰ- ਸਾਰਵਜਨਿਕ ਮੰਨੀ ਜਾਂਦੀ ਹੈ ਜਦ ਤੱਕ ਕਿ ਸਾਰਵਜਨਿਕ ਤੌਰ 'ਤੇ ਉਸਦਾ ਪੂਰੀ ਤਰ੍ਹਾਂ ਖ਼ੁਲਾਸਾ ਨਹੀਂ ਕੀਤਾ ਜਾਂਦਾ - ਦੂਜੇ ਸ਼ਬਦਾਂ ਵਿੱਚ, ਜਦੋਂ ਤੱਕ ਜਾਣਕਾਰੀ ਵੱਡੇ ਪੈਮਾਨੇ 'ਤੇ ਪ੍ਰਚਾਰੀ ਗਈ ਹੋਵੇ ਅਤੇ ਜਾਣਕਾਰੀ ਵੱਲ ਪ੍ਰਤੀਕਿਰਿਆ ਕਰਨ ਲਈ ਸ਼ੇਅਰ ਬਜ਼ਾਰਾਂ ਵੱਲੋਂ ਢੁਕਵਾਂ ਸਮਾਂ ਪੁੱਗ ਗਿਆ ਹੋਵੇ। ਜੇ ਇਹ ਗ਼ੈਰ- ਸਾਰਵਜਨਿਕ ਜਾਣਕਾਰੀ "ਸਮਗ੍ਰੀ" ਮੰਨੀ ਜਾ ਸਕਦੀ ਹੋਵੇ

— ਯਾਨੀ ਅਜਿਹੀ ਜਾਣਕਾਰੀ, ਜਿਸ ਬਾਰੇ ਇਕ ਸਮਝਦਾਰ ਨਿਵੇਸ਼ਕ ਵੱਲੋਂ ਨਿਵੇਸ਼ ਕਰਨ ਦਾ ਫ਼ੈਸਲਾ ਲੈਣ ਬਾਰੇ ਵਿਚਾਰ ਕੀਤਾ ਜਾਏਗਾ — ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਸ਼ੇਅਰਾਂ ਬਾਰੇ ਹੇਠ ਲਿਖੇ ਕਾਨੂੰਨਾਂ ਅਤੇ ਕੰਪਨੀ ਦੀ ਨੀਤੀ ਦੀ ਪਾਲਣਾ ਕਰਨੀ ਚਾਹੀਦੀ ਹੈ:

- ਤੁਹਾਨੂੰ ਆਪਣੇ ਖ਼ੁਦ ਦੇ ਖ਼ਾਤੇ ਲਈ ਜਾਂ ਕਿਸੇ ਹੋਰ ਵਿਅਕਤੀ ਦੇ ਖ਼ਾਤੇ ਲਈ ਅਜਿਹੀ ਫ਼ਰਮ (ਕੋਲਗੇਟ ਜਾਂ ਹੋਰ) ਦੇ ਸ਼ੇਅਰ, ਬਾਂਡ ਜਾਂ ਹੋਰਨਾਂ ਸ਼ੇਅਰਾਂ ਵਿੱਚ ਵਪਾਰ ਨਹੀਂ ਕਰਨਾ ਚਾਹੀਦਾ, ਜਿਸ ਨਾਲ ਗ਼ੈਰ- ਸਾਰਵਜਨਿਕ ਜਾਣਕਾਰੀ ਦਾ ਸਬੰਧ ਹੋਵੇ;
- ਇਸ ਤਰ੍ਹਾਂ ਦੀ ਗ਼ੈਰ- ਸਾਰਵਜਨਿਕ ਜਾਣਕਾਰੀ ਦੇ ਅਧਾਰ 'ਤੇ ਤੁਹਾਨੂੰ ਅਜਿਹੀਆਂ ਫ਼ਰਮਾਂ ਦੇ ਸਟਾਕ, ਬਾਂਡ ਜਾਂ ਹੋਰ ਸ਼ੇਅਰਾਂ ਦੇ ਲੈਣ-ਦੇਣ ਲਈ ਦੂਜਿਆਂ ਨੂੰ ਉਤਸ਼ਾਹਤ ਕਰਨਾ ਜਾਂ ਪ੍ਰੇਰਣਾ ਨਹੀਂ ਚਾਹੀਦਾ;
- ਤੁਹਾਨੂੰ ਕੋਲਗੇਟ ਤੋਂ ਬਾਹਰੀ ਲੋਕਾਂ ਨਾਲ ਅਜਿਹੀ ਗ਼ੈਰ- ਸਾਰਵਜਨਿਕ ਜਾਣਕਾਰੀ ਦਾ ਖ਼ੁਲਾਸਾ ਲਾਜ਼ਮੀ ਤੌਰ 'ਤੇ ਨਹੀਂ ਕਰਨਾ ਚਾਹੀਦਾ; ਅਤੇ
- ਤੁਹਾਨੂੰ ਕੋਲਗੇਟ ਦੇ ਅੰਦਰ ਕੰਮ ਕਰਨ ਵਾਲੇ ਲੋਕਾਂ ਨਾਲ ਅਜਿਹੀ ਗ਼ੈਰ- ਸਾਰਵਜਨਿਕ ਜਾਣਕਾਰੀ ਬਾਰੇ ਗੱਲਬਾਤ ਨਹੀਂ ਕਰਨੀ ਚਾਹੀਦੀ, ਜਦ ਤੱਕ ਕਿ ਉਹਨਾਂ ਲਈ ਇਸ ਜਾਣਕਾਰੀ ਬਾਰੇ ਜਾਣਨਾ ਜ਼ਰੂਰੀ ਨਾ ਹੋਵੇ।

ਦੂਜੇ ਸ਼ਬਦਾਂ ਵਿੱਚ, ਤੁਸੀਂ ਕਿਸੇ ਸ਼ੇਅਰਾਂ ਜਾਂ ਨਿਵੇਸ਼ ਸੰਬੰਧੀ ਲੈਣ-ਦੇਣ ਵਿੱਚ ਆਪਣੇ ਜਾਂ ਦੂਜਿਆਂ ਦੇ ਫਾਇਦੇ ਲਈ ਕੋਲਗੇਟ ਦੇ ਨਾਲ ਆਪਣੇ ਰੋਜ਼ਗਾਰ ਦੁਆਰਾ ਪਤਾ ਲਗਾਈ ਕਿਸੇ ਗੈਰ- ਸਾਰਵਜਨਿਕ ਜਾਣਕਾਰੀ ਦੀ ਵਰਤੋਂ ਨਹੀਂ ਕਰ ਸਕਦੇ।

ਜੇ ਤੁਹਾਨੂੰ ਕੋਲਗੇਟ ਵਿਖੇ ਆਪਣੇ ਕੰਮ ਦੁਆਰਾ ਕਿਸੇ ਗੈਰ- ਸਾਰਵਜਨਿਕ ਜਾਣਕਾਰੀ ਦਾ ਪਤਾ ਲੱਗਦਾ ਹੈ ਤਾਂ ਤੁਹਾਨੂੰ ਜਾਣਕਾਰੀ ਗੁਪਤ ਰੱਖਣ ਲਈ ਧਿਆਨ ਰੱਖਣਾ ਚਾਹੀਦਾ ਹੈ, ਅਤੇ ਤੁਹਾਨੂੰ ਕੋਲਗੇਟ ਦੇ ਸ਼ੇਅਰਾਂ ਜਾਂ ਕਿਸੇ ਹੋਰ ਪ੍ਰਭਾਵਿਤ ਕੰਪਨੀਆਂ ਵਿੱਚ ਕੋਈ ਵਪਾਰ ਲਾਜ਼ਮੀ ਤੌਰ 'ਤੇ ਨਹੀਂ ਕਰਨੇ ਚਾਹੀਦੇ (ਜਾਂ ਕਿਸੇ ਹੋਰ ਨੂੰ ਕੋਈ ਵਪਾਰ ਕਰਨ ਦੀ ਸਲਾਹ ਨਹੀਂ ਦੇਣੀ ਚਾਹੀਦੀ), ਜਦੋਂ ਤੱਕ ਜਾਣਕਾਰੀ ਜਨਤਾ ਨੂੰ ਘੋਸ਼ਿਤ ਕਰਨ ਦੇ ਬਾਅਦ ਮੁਨਾਸਬ ਸਮੇਂ ਦੀ ਮਿਆਦ ਲੰਘ ਨਾ ਜਾਵੇ। ਅਜਿਹੀ ਮਨਾਹੀ ਵਿੱਚ ਸ਼ੇਅਰ ਵਿਕਲਪਾਂ ਨੂੰ ਅਮਲ ਵਿੱਚ ਲਿਆਉਣਾ ਅਤੇ ਕੰਪਨੀ ਦੀਆਂ ਲਾਭ ਯੋਜਨਾਵਾਂ ਰਾਹੀਂ ਕੋਲਗੇਟ ਦੇ ਸ਼ੇਅਰਾਂ ਵਿੱਚ ਨਿਵੇਸ਼ ਕਰਨ ਜਾਂ ਇਹਨਾਂ ਤੋਂ ਛੁਟਕਾਰਾ ਪਾਉਣ ਲਈ ਫ਼ੈਸਲਾ ਲੈਣਾ ਵੀ ਸ਼ਾਮਲ ਹੈ।

ਜੇ ਤੁਸੀਂ ਕੋਲਗੇਟ ਛੱਡਕੇ ਜਾਂਦੇ ਹੋ, ਤਾਂ ਵੀ ਅਜਿਹੀ ਗ਼ੈਰ- ਸਾਰਵਜਨਿਕ ਜਾਣਕਾਰੀ ਬਾਰੇ ਰਾਜ਼ਦਾਰੀ ਬਣਾਈ ਰੱਖਣ ਸਬੰਧੀ ਤੁਹਾਡੀ ਜ਼ਿੰਮੇਵਾਰੀ ਬਣੀ ਰਹੇਗੀ, ਜਦ ਤੱਕ ਕਿ ਉਸ ਜਾਣਕਾਰੀ ਦਾ ਸਾਰਵਜਨਿਕ ਢੰਗ ਨਾਲ ਢੁਕਵੇਂ ਤਰੀਕੇ ਨਾਲ ਖ਼ੁਲਾਸਾ ਨਹੀਂ ਕੀਤਾ ਜਾਂਦਾ।

ਕੀ ਜਾਣਕਾਰੀ "ਸਮਗ੍ਰੀ" ("material") ਹੈ ਜਾਂ ਇਸਦਾ ਉਚਿਤ ਤਰੀਕੇ ਨਾਲ ਸਾਰਵਜਨਿਕ ਤੌਰ 'ਤੇ ਖ਼ੁਲਾਸਾ ਕੀਤਾ ਗਿਆ ਹੈ ਜਾਂ ਨਹੀਂ, ਬਾਰੇ, ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਹਾਨੂੰ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਲਾਜ਼ਮੀ ਤੌਰ 'ਤੇ ਸੰਪਰਕ ਕਰਨਾ ਚਾਹੀਦਾ ਹੈ ਅਤੇ ਪ੍ਰਭਾਵਿਤ ਸ਼ੇਅਰਾਂ ਵਿੱਚ ਵਪਾਰ ਕਰਨ ਜਾਂ ਜਾਣਕਾਰੀ ਦਾ ਖ਼ੁਲਾਸਾ ਕਰਨ ਤੋਂ ਲਾਜ਼ਮੀ ਤੌਰ 'ਤੇ ਬਚਣਾ ਚਾਹੀਦਾ ਹੈ, ਜਦ ਤੱਕ ਕਿ ਤੁਹਾਨੂੰ ਕਾਨੂੰਨੀ ਮਨਜ਼ੂਰੀ ਨਹੀਂ ਮਿਲ ਗਈ ਹੈ।

## ਅਸੀਂ ਰਿਸ਼ਵਤ-ਵਿਰੋਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਸਰਕਾਰਾਂ ਅਤੇ ਸਰਕਾਰੀ ਅਧਿਰਾਕੀਆਂ ਦੇ ਨਾਲ ਕਾਨੂੰਨੀ ਅਤੇ ਨੈਤਿਕਤਾ ਨਾਲ ਕੰਮ ਕਰਨ ਲਈ ਕੋਲਗੇਟ ਦਾ ਇਕਰਾਰ ਦੁਨੀਆ ਭਰ ਵਿੱਚ ਲਾਗੂ ਹੁੰਦਾ ਹੈ। ਕੰਪਨੀ ਦੀ ਪਾਲਿਸੀ ਦੇ ਨਾਲ-ਨਾਲ ਯੂ.ਐਸ. ਵਿਦੇਸ਼ੀ ਭ੍ਰਿਸ਼ਟਾਚਾਰੀ ਰਵਾਇਤਾਂ ਕਾਨੂੰਨ ("FCPA") ਅਤੇ ਦੁਨੀਆ ਭਰ ਵਿੱਚ ਇਹੋ ਜਿਹੇ ਰਿਸ਼ਵਤ-ਵਿਰੋਧੀ ਕਾਨੂੰਨ ਸਾਡੇ ਨਾਲ ਕੰਮ ਕਰਨ ਵਾਲੇ ਲੋਕਾਂ ਜਾਂ ਸਾਡੀ ਖਾਤਰ ਕੰਮ ਕਰ ਰਹੇ ਕਿਸੇ ਵਿਅਕਤੀ ਨੂੰ ਸਾਡੇ ਕਾਰੋਬਾਰ ਦੇ ਸਬੰਧ ਵਿੱਚ, ਕੋਈ ਕਾਰੋਬਾਰ ਪ੍ਰਾਪਤ ਕਰਨ ਜਾਂ ਕਿਸੇ ਸਰਕਾਰੀ ਕਾਰਵਾਈ ਜਾਂ ਫੈਸਲੇ ਨੂੰ ਪ੍ਰਭਾਵਿਤ ਕਰਨ ਲਈ ਕਿਸੇ ਸਰਕਾਰੀ ਅਧਿਕਾਰੀ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਚੀਜ਼, ਜਿਸਦਾ ਮੁੱਲ ਹੈ, ਨੂੰ ਦੇਣ ਜਾਂ ਪੇਸ਼ਕਸ਼ ਕਰਨ ਤੋਂ ਰੋਕਦੇ ਹਨ।

ਕੰਪਨੀ ਦੀ ਨੀਤੀ ਅਤੇ ਕੁਝ ਲਾਗੂ ਕਾਨੂੰਨ ਵੀ ਸਰਕਾਰੀ ਅਧਿਕਾਰੀਆਂ ਨੂੰ, ਸਿੱਧੇ ਜਾਂ ਅਸਿੱਧੇ ਤੌਰ 'ਤੇ, ਕੀਤੇ ਭੁਗਤਾਨਾਂ ਦੀ ਸਹੂਲਤ ਦੇਣ ਜਾਂ "ਗ੍ਰੀਸ" ਕਰਨ ਤੋਂ ਰੋਕਦੇ ਹਨ, ਤਾਂ ਜੋ ਕੋਈ ਸਰਕਾਰੀ ਸੇਵਾ ਜਾਂ ਕਾਰਜ (ਉਦਾਹਰਨ ਲਈ, ਕੋਲਗੇਟ ਦੀ

ਅਰਜ਼ੀ ਨੂੰ ਕਤਾਰ ਵਿੱਚ ਅੱਗੇ ਲਿਆਉਣ ਲਈ ਜਾਂ ਸਮੇਂ ਦੀ ਮਿਆਦ, ਜਿਸ ਵਿੱਚ ਸੇਵਾਵਾਂ ਜਾਂ ਹੋਰ ਕਾਰਵਾਈਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਘਟਾਉਣ ਲਈ, ਅਧਿਕਾਰੀਆਂ ਨੂੰ ਕੀਤੇ ਗਏ ਛੋਟੇ ਭੁਗਤਾਨ) ਝਟਪਟ ਹੋ ਜਾਵੇ। ਸਰਕਾਰ ਦੁਆਰਾ ਜਾਰੀ ਇਨਵੌਇਸਾਂ ਜਾਂ ਰਸੀਦਾਂ ਦੇ ਸਮਰਥਨ ਵਾਲੀਆਂ ਕੋਈ ਸਰਕਾਰੀ ਫੀਸਾਂ ਅਣਉਚਿਤ ਭੁਗਤਾਨਾਂ ਵਜੋਂ ਪਾਤਰ ਨਹੀਂ ਬਣਦੀਆਂ।

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਸਿੱਧੇ ਤੌਰ 'ਤੇ ਜਾਂ ਇਕ ਤੀਜੀ ਪਾਰਟੀ ਦੁਆਰਾ ਇਸ ਮਿਆਰ ਦੀ ਉਲੰਘਣਾ ਨਹੀਂ ਕਰਦੇ, ਕੰਪਨੀ ਦੀ ਨੀਤੀ ਹੈ ਕਿ, ਇਕ ਅਧਿਕਾਰਿਤ ਰਸੀਦ ਦੁਆਰਾ ਸਮਰਥਿਤ ਕਾਨੂੰਨੀ ਫੀਸਾਂ ਦੇ ਇਲਾਵਾ, (ਉਦਾਹਰਨ ਲਈ ਪਰਮਿਟ ਜਾਂ ਲਾਇਸੰਸ ਫੀਸ), ਕੋਈ ਭੁਗਤਾਨ, ਮਨੋਰੰਜਨ, ਸਫਰ, ਤੋਹਫ਼ੇ, ਜਾਂ ਮੁੱਲ ਦੀਆਂ ਹੋਰ ਚੀਜ਼ਾਂ ਸਰਕਾਰੀ ਅਧਿਕਾਰੀਆਂ ਨੂੰ ਪ੍ਰਦਾਨ ਜਾਂ ਪੇਸ਼ ਨਹੀਂ ਕੀਤੀਆਂ ਜਾ ਸਕਦੀਆਂ, ਚਾਹੇ ਉਹਨਾਂ ਦਾ ਮੁੱਲ ਜੋ ਵੀ ਹੋਵੇ, ਜਦੋਂ ਤੱਕ ਅੰਤਰਰਾਸ਼ਟਰੀ ਕਨੂੰਨ ਸੰਗਠਨ ਦੁਆਰਾ ਪਹਿਲਾਂ ਹੀ ਮਨਜ਼ੂਰੀ ਨਹੀਂ ਮਿਲੀ ਹੈ।

ਕੋਲਗੇਟ ਦੇ ਲੋਕ ਵਾਧੂ ਜਾਣਕਾਰੀ, **'ਅੰਤਰਰਾਸ਼ਟਰੀ ਸਰਕਾਰੀ ਖਰਚਿਆਂ ਬਾਰੇ ਨੀਤੀ'** ਅਤੇ ਸੰਬੰਧਿਤ **ਮਨਜ਼ੂਰੀ ਫ਼ਾਰਮ** ਨੂੰ ਦੇਖ ਕੇ, ਪ੍ਰਾਪਤ ਕਰ ਸਕਦੇ ਹਨ।

ਇਹ ਜਾਣਨਾ ਮਹੱਤਵਪੂਰਨ ਹੈ ਕਿ ਸ਼ਬਦ "ਸਰਕਾਰੀ ਅਧਿਕਾਰੀ" ਦੀ ਵਿਆਪਕ ਪਰਿਭਾਸ਼ਾ ਦਿੱਤੀ ਗਈ ਹੈ ਅਤੇ ਇਸ ਵਿੱਚ ਉਹ ਵਿਅਕਤੀ ਸ਼ਾਮਲ ਹਨ ਜੋ ਕਿਸੇ ਸਾਰਵਜਨਿਕ ਜਾਂ ਪ੍ਰਦੇਸ਼ੀ-ਸਬੰਧਤਾ ਵਾਲੀ ਸੰਸਥਾ ਜਾਂ ਜੱਥੇਬੰਦੀ ਦੁਆਰਾ ਰੋਜ਼ਗਾਰ ਦਿੱਤੇ ਗਏ ਹਨ ਜਾਂ ਜੋ ਕਿਸੇ ਵੀ ਤਰੀਕੇ ਵਿੱਚ, ਭਾਵੇਂ ਪੂਰੇ ਸਮੇਂ, ਅੱਧੇ ਸਮੇਂ ਜਾਂ ਭੁਗਤਾਨ-ਰਹਿਤ, ਸਰਕਾਰੀ ਸਮਰੱਥਾ ਵਿੱਚ ਕੰਮ ਕਰਦੇ ਹਨ। ਸਰਕਾਰੀ ਅਧਿਕਾਰੀ ਹਰ ਸ਼ਾਖਾ ਅਤੇ ਸਰਕਾਰ ਅਤੇ ਸਾਰਵਜਨਿਕ ਜੀਵਨ ਦੇ ਪੱਧਰ ਵਿੱਚ ਮਿਲ ਸਕਦੇ ਹਨ ਅਤੇ ਇਹਨਾਂ ਵਿੱਚ ਨਿਮਨ-ਪੱਧਰ ਦੇ ਕਸਟਮ ਮੁਲਾਜ਼ਮਾਂ ਤੋਂ ਲੈ ਕੇ ਉੱਚ-ਦਰਜੇ ਦੇ ਕਾਨੂੰਨ ਸਿਰਜਣਹਾਰਾਂ, ਦੇ ਨਾਲ-ਨਾਲ ਪ੍ਰੋਫੈਸਰ ਅਤੇ ਅਧਿਆਪਕ, ਦੰਦ-ਚਿਕਿਤਸਕ, ਪਸ਼ੂ-ਚਿਕਿਤਸਕ ਜਾਂ ਹੋਰ ਪੇਸ਼ੇਵਰ ਅਤੇ ਮੁੱਖ ਸੋਚਵਾਨ ਆਗੂ ਅਤੇ ਪ੍ਰਦੇਸ਼ ਦੀ ਮਾਲਕੀ ਵਾਲੇ ਮੀਡੀਆ ਆਉਟਲੇਟ ਦੇ ਮੁਲਾਜ਼ਮ ਸ਼ਾਮਲ ਹੋ ਸਕਦੇ ਹਨ। ਜੇ ਤੁਹਾਨੂੰ ਸ਼ੱਕ ਹੈ ਕਿ ਕੀ ਕੋਈ ਵਿਅਕਤੀ ਇੱਕ ਸਰਕਾਰੀ ਅਧਿਕਾਰੀ ਮੰਨਿਆ ਜਾ ਸਕਦਾ ਹੈ, ਤੁਹਾਨੂੰ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਸਰਕਾਰੀ ਮੁਲਾਜ਼ਮਾਂ ਨਾਲ ਸੌਦੇਬਾਜ਼ੀ ਅਤੇ ਗੱਲਬਾਤ ਕਰਨ ਲੱਗਿਆਂ ਹਮੇਸ਼ਾ ਸਪਸ਼ਟ ਅਤੇ ਇਮਾਨਦਾਰ ਰਹੋ। ਸਰਕਾਰੀ ਮੁਲਾਜ਼ਮਾਂ ਨੂੰ ਜਾਣਦਿਆਂ ਹੋਇਆਂ ਜਾਂ ਜਾਣ-ਬੁਝਕੇ ਦਿੱਤੇ ਗਏ ਝੂਠੇ ਬਿਆਨਾਂ (ਜ਼ਬਾਨੀ ਜਾਂ ਲਿਖਤੀ) ਕਰਕੇ ਕੰਪਨੀ ਅਤੇ ਇਸਦੇ ਲੋਕਾਂ ਨੂੰ ਚੋਖੇ ਜੁਰਮਾਨੇ ਲੱਗ ਸਕਦੇ ਹਨ।

ਸਰਕਾਰੀ ਅਧਿਕਾਰੀਆਂ ਦੀ ਰਿਸ਼ਵਰਖੋਰੀ ਨੂੰ ਰੋਕਣ ਦੇ ਇਲਾਵਾ, ਕੰਪਨੀ ਦੀ ਨੀਤੀ ਅਤੇ ਸਬੰਧਤ ਕਾਨੂੰਨ ਨਿੱਜੀ ਧਿਰਾਂ ਦੀ ਰਿਸ਼ਵਤਖੋਰੀ ਨੂੰ ਵੀ ਰੋਕਦੇ ਹਨ। ਤੁਹਾਨੂੰ ਤੋਹਫ਼ਿਆਂ, ਭੁਗਤਾਨਾਂ ਜਾਂ ਹੋਰ ਫਾਇਦਿਆਂ ਦਾ ਵਚਨ ਦੇ ਕੇ, ਜਾਂ ਕਿਸੇ ਹੋਰ ਗੈਰ-ਕਾਨੂੰਨੀ ਲਾਲਚ ਦੁਆਰਾ ਅਜਿਹੀ ਕਿਸੇ ਬਾਹਰੀ ਪਾਰਟੀ ਦੇ ਫੈਸਲੇ ਜਾਂ ਵਿਹਾਰ 'ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਜਿਸ ਦੇ ਨਾਲ ਤੁਸੀਂ ਕੰਪਨੀ ਦਾ ਕਾਰੋਬਾਰ ਚਲਾ ਸਕਦੇ ਹੋਵੋ।

ਕੋਲਗੇਟ ਦੇ ਲੋਕ 'ਸਰਕਾਰੀ ਕਰਮਚਾਰੀਆਂ ਅਤੇ ਸਰਕਾਰਾਂ ਨਾਲ ਅੰਤਰਕਿਰਿਆਵਾਂ' ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ'** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

## ਅਸੀਂ ਅੰਤਰਰਾਸ਼ਟਰੀ ਵਪਾਰ ਕਾਇਦਿਆਂ ਦੀ ਪਾਲਣਾ ਕਰਦੇ ਹਾਂ

ਕੰਪਨੀ ਅੰਤਰਰਾਸ਼ਟੀ ਵਪਾਰ ਨੂੰ ਚਲਾਉਣ ਵਾਲੇ ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਦੀ ਹੈ ਅਤੇ ਇਸ ਲਈ ਸਬੰਧਤ ਯੂ.ਐਸ. ਵਪਾਰ ਨੇਮਾਂ ਦੀ ਪਾਲਣਾ ਕਰਨਾ ਵੀ ਲਾਜ਼ਮੀ ਹੈ, ਚਾਹੇ ਅਸੀਂ ਦੁਨੀਆ ਵਿੱਚ ਕਿਤੇ ਵੀ ਕੰਮ ਕਰਦੇ ਹੋਈਏ।

ਵਪਾਰਕ ਪਾਬੰਦੀਆਂ ਕਾਨੂੰਨ ਆਯਾਤ ਅਤੇ ਨਿਰਯਾਤ ਨੂੰ ਚਲਾਉਂਦੇ ਹਨ ਅਤੇ ਕੰਪਨੀ ਨੂੰ ਕੁਝ ਦੇਸ਼ਾਂ ਜਾਂ ਕੁਝ ਵਿਅਕਤੀਆਂ ਜਾਂ ਸੰਸਥਾਵਾਂ ਦੇ ਨਾਲ ਕਾਰੋਬਾਰ ਕਰਨ ਤੋਂ ਵੀ ਰੋਕ ਸਕਦੇ ਹਨ। ਕਿਸੇ ਤੀਜੀ ਪਾਰਟੀ (ਵਿਕ੍ਰੇਤਾ, ਗਾਹਕ ਆਦਿ) ਨੂੰ ਸ਼ਾਮਲ ਕਰਨ ਤੋਂ ਪਹਿਲਾਂ, ਤੀਜੀ ਪਾਰਟੀ ਦੀ ਜਾਂਚ ਯੂ.ਐਸ. ਸਰਕਾਰ ਦੁਆਰਾ ਬਣਾਈ ਗਈ "ਪਾਬੰਦੀਸ਼ੁਦਾ ਪਾਰਟੀਆਂ" ਦੀਆਂ ਸੂਚੀਆਂ ਦੇ ਖਿਲਾਫ਼ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਯਕੀਨੀ

ਬਣਾਇਆ ਜਾਵੇ ਕਿ ਕੰਪਨੀ ਲੈਣ-ਦੇਣ ਦੇ ਨਾਲ ਅੱਗੇ ਵਧਣ ਲਈ ਮੁਕਤ ਹੈ।

ਇਸ ਤੋਂ ਇਲਾਵਾ, ਕੰਪਨੀ ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਬਣਾਏ ਗਏ ਅਮਰੀਕੀ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਕਿ ਅਮਰੀਕੀ ਕੰਪਨੀਆਂ ਅਜਿਹੇ ਬਾਈਕਾਟ ਵਿੱਚ ਹਿੱਸਾ ਨਾ ਲੈਣ ਜਿਨ੍ਹਾਂ ਨੂੰ ਅਮਰੀਕਾ ਦੁਆਰਾ ਮਨਜ਼ੂਰ ਨਹੀਂ ਕੀਤਾ ਗਿਆ ਹੈ। ਇਹ ਕਾਨੂੰਨ ਸਾਰੇ ਕੋਲਗੇਟ ਦਫਤਰਾਂ, ਕਰਮਚਾਰੀਆਂ, ਸਹਾਇਕ ਕੰਪਨੀਆਂ ਅਤੇ ਸਹਿਯੋਗੀਆਂ 'ਤੇ ਲਾਗੂ ਹੁੰਦੇ ਹਨ, ਚਾਹੇ ਉਹ ਦੁਨੀਆ ਵਿੱਚ ਕਿਤੇ ਵੀ ਸਥਿਤ ਹੋਣ। ਕਿਸੇ ਗੈਰ-ਮਨਜ਼ੂਰ ਬਾਈਕਾਟ ਵਿੱਚ ਸ਼ਾਮਲ ਹੋਣ ਲਈ ਕਿਸੇ ਵੀ ਬੇਨਤੀ (ਭਾਵੇਂ ਅਸੀਂ ਬੇਨਤੀ ਨੂੰ ਨਕਾਰ ਦਿੰਦੇ ਹਾਂ) ਦੀ ਸੂਚਨਾ ਢੁਕਵੇਂ ਨਿਪਟਾਰੇ ਲਈ ਅੰਤਰਰਾਸ਼ਟਰੀ ਕਨੂੰਨ ਸੰਗਠਨ ਨੂੰ ਲਾਜ਼ਮੀ ਤੌਰ 'ਤੇ ਤੁਰੰਤ ਦਿੱਤੀ ਜਾਣੀ ਚਾਹੀਦੀ ਹੈ।

ਕੋਲਗੇਟ ਦੇ ਲੋਕ 'ਅੰਤਰਰਾਸ਼ਟਰੀ ਵਪਾਰਕ ਰਿਸ਼ਤਿਆਂ' ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ **'ਕਾਰੋਬਾਰ ਚਲਾਉਣ ਸਬੰਧੀ ਸੇਧਾਂ'** ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

## ਅਸੀਂ ਡਾਟਾ ਲੁਕਾਅ ਅਤੇ ਡਾਟਾ ਰੱਖਿਆ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਕੋਲਗੇਟ ਆਪਣੇ ਮੁਲਾਜ਼ਮਾਂ, ਖਪਤਕਾਰਾਂ, ਗਾਹਕਾਂ, ਸਪਲਾਇਰਾਂ ਅਤੇ ਹੋਰ ਤੀਜੀਆਂ ਪਾਰਟੀਆਂ ਦੀ ਰਾਜ਼ਦਾਰੀ ਦਾ ਸਤਿਕਾਰ ਕਰਦਾ ਹੈ ਜਿਸ ਦੇ ਨਾਲ ਕੋਲਗੇਟ ਦਾ ਕਾਰੋਬਰੀ ਸਬੰਧ ਹੈ ਅਤੇ ਇਸ ਲਈ, ਅਸੀਂ ਨਿੱਜੀ ਡੈਟੇ ਨੂੰ ਜ਼ਿੰਮੇਵਾਰੀ ਨਾਲ ਅਤੇ ਸਾਰੇ ਲਾਗੂ ਡੈਟੇ ਦੀ ਪਰਦੇਦਾਰੀ ਅਤੇ ਡੇਟਾ ਰੱਖਿਆ ਕਾਨੂੰਨਾਂ ਦੇ ਅਨੁਸਾਰ ਵਰਤਦੇ ਹਾਂ।

ਕੋਲਗੇਟ ਨਾਲ ਆਪਣੇ ਰੋਜ਼ਗਾਰ ਦੇ ਹਿੱਸੇ ਦੇ ਤੌਰ 'ਤੇ, ਮੁਲਾਜ਼ਮ ਕੰਪਨੀ ਨੂੰ ਰੁਜ਼ਗਾਰ ਦੇ ਰਿਸ਼ਤੇ ਦੇ ਸੰਚਾਲਨ ਲਈ ਕੁਝ ਨਿੱਜੀ ਡੇਟਾ ਦੇ ਸਕਦੇ ਹਨ, ਜਿਵੇਂ ਘਰ ਦਾ ਪਤਾ ਅਤੇ ਈ-ਮੇਲ ਪਤਾ, ਅਤੇ ਪਰਿਵਾਰਕ ਜਾਣਕਾਰੀ।

ਇਸੇ ਤਰ੍ਹਾਂ ਹੀ, ਸਾਡੇ ਖਪਤਕਾਰ ਵੀ ਕੰਪਨੀ ਨਾਲ ਆਪਣੇ ਰਿਸ਼ਤੇ ਦੇ ਸੰਬੰਧ ਵਿੱਚ ਨਿੱਜੀ ਡੇਟਾ ਪ੍ਰਦਾਨ ਕਰਾ ਸਕਦੇ ਹਨ ਜਿਵੇਂ ਕਿ ਨਾਮ, ਘਰ ਦਾ ਪਤਾ ਅਤੇ ਈਮੇਲ ਪਤਾ।

ਕੋਲਗੇਟ ਨਾਲ ਕਾਰੋਬਾਰੀ ਸਬੰਧਾਂ ਦੇ ਅਮਲ ਦੌਰਾਨ, ਗਾਹਕ, ਸਪਲਾਇਰ ਅਤੇ ਹੋਰ ਤੀਜੀਆਂ ਪਾਰਟੀਆਂ ਕੰਪਨੀ ਨੂੰ ਨਿੱਜੀ ਡੇਟਾ ਦੇ ਸਕਦੇ ਹਨ, ਜਿਵੇਂ ਨਾਂ, ਟੈਲੀਫ਼ੋਨ ਨੰਬਰ, ਗਲੀ ਦਾ ਪਤਾ, ਈ-ਮੇਲ ਪਤੇ ਅਤੇ ਕ੍ਰੈਡਿਟ ਕਾਰਡ ਜਾਣਕਾਰੀ।

ਇਸ ਸਾਰੀ ਜਾਣਕਾਰੀ ਦੇ ਸਬੰਧ ਵਿੱਚ, ਕੋਲਗੇਟ ਦੀ ਨੀਤੀ ਹੈ:

- ਨਿੱਜੀ ਡੇਟਾ ਇਕੱਤਰ ਕਰਨ ਤੋਂ ਪਹਿਲਾਂ ਉਚਿਤ ਪੂਰਵ ਨੋਟਿਸ ਪ੍ਰਦਾਨ ਕਰਾਉਣਾ;
- ਜਿੱਥੇ ਕਿਤੇ ਲਾਗੂ ਹੋਣ ਵਾਲੇ ਕਨੂੰਨ ਵੱਲੋਂ ਲੋੜੀਂਦਾ ਹੋਵੇ, ਓਥੇ ਹਾਂ-ਪੱਖੀ ਮਨਜ਼ੂਰੀ ਹਾਸਲ ਕਰਨਾ;
- ਨਿੱਜੀ ਡੈਟੇ ਨੂੰ ਸਿਰਫ਼ ਉਸ ਕਾਰਨ ਲਈ ਇਕੱਤਰ, ਪ੍ਰੋਸੈਸ, ਇਸਤੇਮਾਲ ਅਤੇ ਸਾਂਭ ਕੇ ਰੱਖਣਾ ਜਿਸ ਲਈ ਇਹ ਸਾਨੂੰ ਪ੍ਰਦਾਨ ਕੀਤਾ ਗਿਆ ਸੀ, ਜਦੋਂ ਤੱਕ ਅਸੀਂ ਹੋਰ ਇਸਤੇਮਾਲਾਂ ਲਈ ਰਜ਼ਾਮੰਦੀ ਹਾਸਲ ਨਹੀਂ ਕੀਤੀ ਹੈ, ਅਤੇ ਜਿਵੇਂ ਸਾਡੇ ਰਿਕਾਰਡ ਰੱਖਣ ਦੇ ਉਦੇਸ਼ਾਂ ਲਈ ਲੋੜੀਂਦਾ ਹੈ;
- ਨਿੱਜੀ ਡੈਟੇ ਦੇ ਅਣਅਧਿਕਾਰਤ ਖੁਲਾਸੇ ਜਾਂ ਇਸਤੇਮਾਲ ਤੋਂ ਰੱਖਿਆ ਕਰਨ ਲਈ ਮੁਨਾਸਬ ਕਦਮ ਚੁੱਕਣਾ; ਅਤੇ
- ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਨਾ।

ਡੈਟੇ ਦੀ ਪਰਦੇਦਾਰੀ ਅਤੇ ਡੈਟੇ ਦੀ ਰੱਖਿਆ ਦੇ ਸਬੰਧ ਵਿੱਚ ਕਾਨੂੰਨਾਂ ਨੂੰ ਲਗਾਤਾਰ ਵਿਕਸਿਤ ਅਤੇ ਸੋਧਿਆ ਜਾ ਰਿਹਾ ਹੈ।

ਅਸੀਂ ਉਪਜ ਰਹੇ ਡੇਟਾ ਪਰਦੇਦਾਰੀ ਅਤੇ ਡੇਟਾ ਰੱਖਿਆ ਕਾਨੂੰਨਾਂ ਦੀ ਨਿਗਰਾਨੀ ਕਰਨ ਲਈ ਵਚਨਬੱਧ ਹਾਂ ਅਤੇ ਸਮੇਂ ਸਮੇਂ 'ਤੇ, ਉਹਨਾਂ ਨੂੰ ਧਿਆਨ ਵਿੱਚ ਰੱਖ ਕੇ ਖਾਸ ਨੀਤੀਆਂ ਵਿਕਸਿਤ ਕਰ ਸਕਦੇ ਹਾਂ।

ਕੋਲਗੇਟ ਦੇ ਲੋਕ **'ਡੇਟੇ ਦੀ ਸੁਰੱਖਿਆ ਅਤੇ ਡੇਟੇ ਦੀ ਪਰਦੇਦਾਰੀ'** ਬਾਰੇ ਕੰਪਨੀ ਦੀਆਂ ਸੇਧਾਂ ਨੂੰ ਦੇਖਕੇ, ਜੋ 'ਕਾਰੋਬਾਰ ਚਲਾਉਣ ਸਬੰਧੀ ਸੇਧਾਂ' ਵਿੱਚ ਦੇਖੀਆਂ ਜਾ ਸਕਦੀਆਂ ਹਨ, ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ।

## ਅਸੀਂ ਰਿਕੱਾਰਡ ਸਾਂਭ ਕੇ ਰੱਖਣ ਵਾਲੇ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਦੁਨੀਆਂ ਭਰ ਦੇ ਕਈ ਕਾਨੂੰਨਾਂ ਦੀ ਲੋੜ ਹੈ ਕਿ ਕੋਲਗੇਟ ਸਮੇਂ ਦੀਆਂ ਵਿਸ਼ੇਸ਼ ਮਿਆਦਾਂ ਲਈ ਕੁਝ ਕਿਸਮ ਦੇ ਰਿਕੱਾਰਡ (ਭੌਤਿਕ ਦਸਤਾਵੇਜ਼ਾਂ ਅਤੇ ਇਲੈਕਟ੍ਰੋਨਿਕ ਡੇਟਾ ਸਮੇਤ) ਕਾਇਮ ਰੱਖੇ। ਇਹਨਾਂ ਜ਼ਰੂਰਤਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ ਕਾਰਨ ਕੰਪਨੀ ਨੂੰ ਅਹਿਮ ਜੁਰਮਾਨੇ ਅਤੇ ਹੋਰ ਪੈਨਲਟੀਆਂ ਲੱਗ ਸਕਦੀਆਂ ਹਨ। ਕੋਲਗੇਟ ਅਜਿਹੇ ਰਿਕੱਾਰਡ ਪ੍ਰਬੰਧਨ ਪ੍ਰੋਗਰਾਮ (Records Management Program) ਲਈ ਵਚਨਬੱਧ ਹੈ ਜੋ ਸਾਰੀਆਂ ਲਾਗੂ ਕਾਨੂੰਨੀ ਅਤੇ ਨੇਮਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ, ਸਾਡੇ ਕਾਰੋਬਾਰ ਦੀਆਂ ਜਾਣਕਾਰੀਆਂ ਨੂੰ ਸਾਂਭ ਕੇ ਰੱਖਣ ਦੀਆਂ ਜ਼ਰੂਰਤਾਂ ਨੂੰ ਸੰਤੁਸ਼ਟ ਕਰਦਾ ਹੈ, ਅਤੇ ਨਿਰਦੇਸ਼ ਦਿੰਦਾ ਹੈ ਕਿ ਉਸ ਪੁਰਾਣੇ ਜਾਂ ਬੇਲੋੜੇ ਰਿਕਾਰਡ ਅਤੇ ਹੋਰ ਦਸਤਾਵੇਜ਼ਾਂ ਨੂੰ ਢੁਕਵੇਂ ਤਰੀਕੇ ਨਾਲ ਖਾਰਜ ਕੀਤਾ ਜਾਵੇ।

ਤੁਹਾਨੂੰ ਕਿਸੇ ਕਾਨੂੰਨੀ ਕਾਰਵਾਈ, ਜਾਂਚ ਜਾਂ ਮੁਕੱਦਮੇ ਵਿੱਚ ਕਾਨੂੰਨੀ ਲੋੜ ਮੁਤਾਬਕ ਸਬੰਧਤ ਅਤੇ ਜ਼ਰੂਰੀ ਜਾਣਕਾਰੀ ਜਾਂ ਦਸਤੇਵਾਜ਼ਾਂ ਦਾ ਖੁਲਾਸਾ ਕਰਨ ਦੀ ਲੋੜ ਹੈ। ਕਿਸੇ ਹੁਕਮ-ਹਾਜ਼ਰੀ, ਅਦਾਲਤ ਦੇ ਆਦੇਸ਼ ਜਾਂ ਹੋਰ ਕਾਨੂੰਨੀ ਕਿਰਿਆ ਜਿਸ ਲਈ ਕੰਪਨੀ ਦੀ ਜਾਣਕਾਰੀ ਜਾਂ ਦਸਤਾਵੇਜ਼ਾਂ ਦਾ ਖੁਲਾਸਾ ਕਰਨ ਦੀ ਲੋੜ ਹੁੰਦੀ ਹੈ, ਦੀ ਪ੍ਰਾਪਤੀ ਉੱਤੇ, ਤੁਹਾਨੂੰ ਕਾਨੂੰਨ ਦੁਆਰਾ ਇਜਾਜ਼ਤ ਦਿੱਤੀ ਸੀਮਾ ਤੱਕ ਅੰਤਰਰਾਸ਼ਟਰੀ ਕਨੂੰਨ ਸੰਗਠਨ ਨੂੰ ਖ਼ਬਰ ਦੇਣ ਦੀ ਲੋੜ ਹੈ।

ਅਜਿਹੇ ਮਾਮਲੇ ਵਿੱਚ, ਤੁਹਾਡੇ ਲਈ ਅੰਤਰਰਾਸ਼ਟਰੀ ਕਨੂੰਨ ਸੰਗਠਨ ਦੁਆਰਾ ਪ੍ਰਦਾਨ ਕੀਤੀਆਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ ਅਤੇ ਸਾਰੇ ਰਿਕੱਾਰਡਾਂ ਨੂੰ ਸਾਂਭ ਕੇ ਰੱਖਣਾ ਲਾਜ਼ਮੀ ਹੈ ਜੋ ਹੁਕਮ-ਹਾਜ਼ਰੀ, ਮੁਕੱਦਮੇ ਜਾਂ ਜਾਂਚ ਵੱਲ ਜਵਾਬੀ ਜਾਂ ਉਸ ਨਾਲ ਸਬੰਧਤ ਹੋ ਸਕਦੇ ਹਨ, ਚਾਹੇ ਰਿਕੱਾਰਡ ਸਾਂਭ ਕੇ ਰੱਖਣ ਦੇ ਪ੍ਰੋਗਰਾਮ ਦੀਆਂ ਜ਼ਰੂਰਤਾਂ ਜੋ ਵੀ ਹੋਣ। ਤੁਹਾਨੂੰ ਲਾਜ਼ਮੀ ਤੌਰ 'ਤੇ ਅਜਿਹੇ ਰਿਕਾਰਡਾਂ ਨੂੰ ਬਰਬਾਦ ਜਾਂ ਬਦਲਣਾ ਨਹੀਂ ਚਾਹੀਦਾ, ਕਿਉਂਕਿ ਰਿਕੱਾਰਡਾਂ ਦੇ ਗ਼ਲਤ ਨਾਸ਼ ਕਰਨ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ, ਜਿਸ ਵਿੱਚ ਤੁਹਾਡੇ ਅਤੇ ਤੁਹਾਡੀ ਕੰਪਨੀ ਦੋਹਾਂ ਲਈ ਸਿਵਿਲ ਅਤੇ/ਜਾਂ ਅਪਰਾਧਕ ਪੈਨਲਟੀਆਂ ਅਤੇ ਰੋਜ਼ਗਾਰ ਸੰਬੰਧੀ ਨਤੀਜੇ ਸ਼ਾਮਲ ਹਨ।

ਜੇ ਤੁਹਾਡੇ ਕੋਲ ਇਸ ਬਾਰੇ ਕੋਈ ਸਵਾਲ ਹੈ ਕਿ ਕੀ ਕੋਈ ਰਿਕੱਾਰਡ ਇਕ ਜਾਂਚ, ਮੁਕੱਦਮੇ ਜਾਂ ਹੁਕਮ-ਹਾਜ਼ਰੀ ਨਾਲ ਸਬੰਧਤ ਹੈ, ਤਾਂ ਸਵਾਲ ਵਿਚਲੇ ਰਿਕੱਾਰਡ ਨੂੰ ਸੁੱਟਣ ਤੋਂ ਪਹਿਲਾਂ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸੰਪਰਕ ਕਰੋ। ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕ "ਅੰਤਰਰਾਸ਼ਟਰੀ ਰਿਕਾਰਡਾਂ ਦਾ ਪ੍ਰਬੰਧਨ ਪ੍ਰੋਗਰਾਮ ਪਾਲਿਸੀ" ਨੂੰ ਦੇਖ ਕੇ ਵਧੀਕ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

## ਅਸੀਂ ਸਿਆਸੀ ਯੋਗਦਾਨ ਨਹੀਂ ਦਿੰਦੇ

ਕੰਪਨੀ ਦਾ ਕੋਈ ਵੀ ਪੈਸਾ ਜਾਂ ਸੰਪਤੀਆਂ ਕਿਸੇ ਵੀ ਦੇਸ਼ ਵਿੱਚ, ਸਰਕਾਰ ਦੇ ਕਿਸੇ ਪੱਧਰ 'ਤੇ, ਕਿਸੇ ਸਿਆਸੀ ਪਾਰਟੀ ਜਾਂ ਉਮੀਦਵਾਰ ਲਈ ਯੋਗਦਾਨ ਦੇਣ ਵਿੱਚ ਵਰਤੀਆਂ ਨਹੀਂ ਜਾ ਸਕਦੀਆਂ। ਸਿਆਸੀ ਯੋਗਦਾਨ ਵਿੱਚ ਵਿੱਤੀ ਅਤੇ ਗੈਰ-ਵਿੱਤੀ ਦੋਵੇਂ ਤਰ੍ਹਾਂ ਦੇ ਯੋਗਦਾਨ ਸ਼ਾਮਿਲ ਹਨ। ਗੈਰ-ਵਿੱਤੀ ਯੋਗਦਾਨਾਂ ਵਿੱਚ ਸ਼ਾਮਿਲ ਹੈ, ਪੈਸੇ ਇਕੱਠੇ ਕਰਨ ਲਈ ਖ਼ਰੀਦੀਆਂ ਗਈਆਂ ਟਿਕਟਾਂ, ਉਤਪਾਦਾਂ ਦਾ ਯੋਗਦਾਨ, ਕੋਲਗੇਟ ਵਿੱਚ ਕੰਮ ਕਰਨ ਵਾਲੇ ਲੋਕਾਂ ਵੱਲੋਂ ਆਪਣੇ ਕੰਮ ਦੇ ਸਾਧਾਰਨ ਸਮੇਂ ਦੌਰਾਨ ਆਪਣੀ ਮਰਜ਼ੀ ਨਾਲ ਕੀਤਾ ਗਿਆ ਕੰਮ ਅਤੇ ਪੈਸਾ ਇਕੱਠਾ ਕਰਨ ਜਾਂ ਸਿਆਸੀ ਉਦੇਸ਼ਾਂ ਲਈ ਕੋਲਗੇਟ ਦੀਆਂ ਥਾਂਵਾਂ ਦੀ ਵਰਤੋਂ ਕਰਨਾ। ਜੇ ਕਲਪਨਾ ਕੀਤੇ ਸਿਆਸੀ ਯੋਗਦਾਨ ਬਾਰੇ ਤੁਹਾਡਾ ਕੋਈ ਸਵਾਲ ਹੈ, ਤਾਂ ਕਿਰਪਾ ਕਰਕੇ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸੰਪਰਕ ਕਰੋ।

ਕੰਪਨੀ ਨੂੰ, ਕੋਲਗੇਟ ਵਿੱਚ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਕੰਪਨੀ ਨਾਲ ਜੁੜੇ ਵਿਅਕਤੀ (ਲੋਕਾਂ ਨੂੰ ਕੰਪਨੀ ਦੇ ਹੱਕ ਵਿੱਚ ਪ੍ਰੇਰਣ ਵਾਲੇ ਬਾਹਰੀ ਵਿਅਕਤੀ ਜਾਂ ਹੋਰ ਤੀਜੀਆਂ ਪਾਰਟੀਆਂ ਸਮੇਤ) ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਵੀ ਤਰ੍ਹਾਂ ਸਿਆਸੀ ਯੋਗਦਾਨ ਲਈ ਘਾਟਾ ਪੂਰਾ ਕਰਨ ਜਾਂ ਅਦਾ ਕਰਨ ਤੋਂ ਮਨ੍ਹਾਹੀ ਹੈ।

ਵਿਅਕਤੀਗਤ ਤੌਰ 'ਤੇ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕ ਆਪਣੀ ਪਸੰਦ ਦੇ ਉਮੀਦਵਾਰਾਂ ਜਾਂ ਪਾਰਟੀਆਂ ਲਈ ਵਿਅਕਤੀਗਤ ਯੋਗਦਾਨ ਦੇਣ ਲਈ ਸੁੰਤਤਰ ਹਨ। ਵਿਅਕਤੀਗਤ ਯੋਗਦਾਨ ਵਿਅਕਤੀ ਦੀ ਆਪਣੀ ਜ਼ਿੰਮੇਵਾਰੀ ਹੈ ਅਤੇ ਇਹ ਕਦੇ ਵੀ ਕਿਸੇ ਵੀ ਤਰੀਕੇ ਵਿੱਚ ਕੋਲਗੇਟ ਜਾਂ ਇਸ ਦੀ ਕਾਰਵਾਈ ਕਰ ਰਹੀ ਕਿਸੇ ਕੰਪਨੀ ਦੀ ਸਹਾਇਤਾ ਕਰਨ ਦੇ ਇਰਾਦੇ ਨਾਲ ਨਹੀਂ ਕੀਤਾ ਜਾਣਾ ਚਾਹੀਦਾ।

ਇਸ ਤੋਂ ਇਲਾਵਾ, ਵਿਅਕਤੀ ਸਥਾਨਕ ਰਾਜਨੀਤਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਜਾਂ ਅਹੁਦੇ ਲਈ ਚੋਣ ਲੜਨ ਲਈ ਸੁਤੰਤਰ ਹਨ ਪਰ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਕੰਪਨੀ ਦੀ ਨੁਮਾਇੰਦਗੀ ਨਹੀਂ ਕਰ ਰਹੇ ਹਨ ਅਤੇ ਨਿੱਜੀ ਸਿਆਸੀ ਗਤੀਵਿਧੀਆਂ ਨੂੰ ਕੋਲਗੇਟ ਲਈ ਉਹਨਾਂ ਦੇ ਕੰਮ ਤੋਂ ਵੱਖ ਰੱਖਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਕੰਪਨੀ ਦੇ ਸਮੇਂ 'ਤੇ ਕੋਈ ਸਿਆਸੀ ਗਤੀਵਿਧੀਆਂ ਨਹੀਂ ਕੀਤੀਆਂ ਜਾ ਸਕਦੀਆਂ ਹਨ।

ਜ਼ਿਆਦਾਤਰ ਬਹੁ-ਰਾਸ਼ਟਰੀ ਕੰਪਨੀਆਂ ਵਾਂਗ ਕੋਲਗੇਟ ਦਾ ਬਹੁਤ ਸਾਰੀਆਂ ਵਪਾਰਕ ਅਤੇ ਸਨਅੱਤੀ ਸੰਸਥਾਵਾਂ ਨਾਲ ਸਬੰਧ ਹੈ ਅਤੇ ਉਹ ਸਲਾਨਾ ਦਿੱਤੀਆਂ ਜਾਣ ਵਾਲੀਆਂ ਰਕਮਾਂ ਦਾ ਭੁਗਤਾਨ ਕਰਦੀ ਹੈ। ਇਹ ਯਕੀਨੀ ਬਣਾਉਣ ਲਈ ਕਿ ਇਹ ਵਪਾਰਕ ਸੰਸਥਾਵਾਂ ਕੋਲਗੇਟ ਵੱਲੋਂ ਦਿੱਤੀਆਂ ਗਈਆਂ ਰਕਮਾਂ ਦੇ ਕਿਸੇ ਹਿੱਸੇ ਦੀ ਵਰਤੋਂ ਸਿਆਸੀ ਯੋਗਦਾਨ ਲਈ ਨਾ ਕਰਨ, ਕੋਲਗੇਟ ਦਾ ਮੁਖ ਨੈਤਿਕਤਾ ਅਤੇ ਪਾਲਣਾ ਅਫ਼ਸਰ ਸਾਡੀ ਨੀਤੀ ਦਾ ਇੱਕ ਸਾਲਾਨਾ ਰੀਮਾਈਂਡਰ ਹਰ ਸਾਲ ਅਮਰੀਕਾ ਦੀਆਂ ਵਪਾਰਕ ਸੰਸਥਾਵਾਂ ਨੂੰ ਭੇਜਦਾ ਹੈ ਜਿਸ ਵਿੱਚ ਕੋਲਗੇਟ ਭੁਗਤਾਨ ਕਰਨ ਵਾਲਾ ਇੱਕ ਮੈਂਬਰ ਹੈ ਅਤੇ ਚਾਹੁੰਦਾ ਹੈ ਕਿ ਸਾਰੀਆਂ ਵਪਾਰਕ ਸੰਸਥਾਵਾਂ ਜੋ ਕੋਲਗੇਟ ਪੈਸਿਆਂ ਦੀ ਥ੍ਰੈਸ਼ਹੋਲਡ ਰਕਮ ਪ੍ਰਾਪਤ ਕਰਦੀਆਂ ਹਨ, ਇੱਕ ਸਲਾਨਾ ਤਸਦੀਕੀ ਅਮਲ ਵਿੱਚ ਹਿੱਸਾ ਲੈਣ।

ਇਸ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਸਾਡੀ **ਸਿਆਸੀ ਯੋਗਦਾਨ ਸਬੰਧੀ ਨੀਤੀ** ਵੇਖੋ, ਜੋ colgatepalmolive.com ਦੇ "ਸਾਸ਼ਨ" ("Governance") ਸੈਕਸ਼ਨ ਵਿੱਚ ਮਿਲ ਸਕਦੀ ਹੈ।

# ਸਮਾਜ ਨਾਲ ਸਾਡਾ ਰਿਸ਼ਤਾ

ਜਿਨ੍ਹਾਂ ਭਾਈਚਾਰਿਆਂ ਵਿੱਚ ਅਸੀਂ ਰਹਿੰਦੇ ਹਾਂ ਅਤੇ ਕੰਮ ਕਰਦੇ ਹਾਂ ਉਨ੍ਹਾਂ ਦੇ ਸਰਵੋਤਮ ਹਿੱਤ ਵਿੱਚ ਯੋਗਦਾਨ ਪਾਉਣ ਅਤੇ ਕੰਮ ਕਰਨ ਲਈ ਸਾਡੀ ਇੱਕ ਮਹੱਤਵਪੂਰਣ ਭੂਮਿਕਾ ਅਤੇ ਜ਼ਿੰਮੇਵਾਰੀ ਹੈ।

## ਅਸੀਂ ਸਥਾਨਕ ਸਹਾਇਤਾ ਅਤੇ ਸਵੈ-ਸੇਵਾ ਵਿੱਚ ਹਿੱਸਾ ਲੈਂਦੇ ਹਾਂ

ਕੋਲਗੇਟ ਦੀ ਪੂਰੀ ਦੁਨੀਆ ਵਿੱਚ, ਸਾਡੇ ਸਥਾਨਕ ਭਾਈਚਾਰਿਆਂ ਦੇ ਵਿਕਾਸ ਅਤੇ ਭਲਾਈ ਸਮੇਤ, ਸਾਰੇ ਲੋਕਾਂ, ਉਨ੍ਹਾਂ ਦੇ ਪਾਲਤੂ ਜਾਨਵਰਾਂ ਅਤੇ ਸਾਡੇ ਗ੍ਰਹਿ ਲਈ ਇੱਕ ਸਿਹਤਮੰਦ ਭਵਿੱਖ ਦੀ ਮੁੜ-ਕਲਪਨਾ ਕਰਨ ਦੇ ਸਾਡੇ ਉਦੇਸ਼ ਨੂੰ ਅੱਗੇ ਵਧਾਉਣ ਵਾਲੇ ਪ੍ਰੋਜੈਕਟਾਂ ਵਿੱਚ ਹਿੱਸਾ ਲੈਣਾ ਸਾਡਾ ਟੀਚਾ ਹੈ।
ਅਸੀਂ ਉਹਨਾਂ ਦੀ ਭਲਾਈ ਨੂੰ ਯਕੀਨੀ ਬਣਾਉਣ, ਜਿਨ੍ਹਾਂ ਨੂੰ ਅਸੀਂ ਸੇਵਾ ਦਿੰਦੇ ਹਾਂ, ਸਮਾਵੇਸ਼ ਵਾਲਾ ਸੱਭਿਆਚਾਰ ਬਣਾਉਣ ਅਤੇ ਸਾਰੇ ਲੋਕਾਂ ਲਈ ਕੋਲਗੇਟ ਦੇ ਅੰਦਰ ਅਤੇ ਬਾਹਰ ਸਫਲ ਹੋਣ ਦੇ ਅਰਥਪੂਰਨ ਮੌਕੇ ਪੈਦਾ ਕਰਨ ਲਈ ਵਚਨਬੱਧ ਹਾਂ – ਅਤੇ ਅਸੀਂ ਗੈਰ-ਮੁਨਾਫ਼ਾ ਸੰਸਥਾਵਾਂ ਨਾਲ ਭਾਈਵਾਲੀ ਕਰਦੇ ਹਾਂ ਜੋ ਕੋਲਗੇਟ ਦੇ ਉਦੇਸ਼ ਨੂੰ ਪ੍ਰਤਿਬਿੰਬਤ ਕਰਦੀਆਂ ਹਨ ਅਤੇ ਕੋਲਗੇਟ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਗਟ ਕਰਦੀਆਂ ਹਨ:

1) ਸਿਹਤਮੰਦ ਮੁਸਕਰਾਹਟ ਅਤੇ ਸਿਹਤਮੰਦ ਚਮੜੀ ਦਾ ਸਮਰਤਨ ਕਰਨਾ;

2) ਵਿਭਿੰਨ ਅਤੇ ਘੱਟ ਨੁਮਾਇੰਦਗੀ ਵਾਲੇ ਵਿਦਿਆਰਥੀਆਂ ਅਤੇ ਕੋਲਗੇਟ ਪੇਸ਼ਿਆਂ (ਡੈਂਟਿਸਟਰੀ, ਚਮੜੀ ਵਿਗਿਆਨ ਅਤੇ ਚਮੜੀ ਦੀ ਦੇਖਭਾਲ, ਵੈਟਰਨਰੀ ਸਾਇੰਸ) ਲਈ ਵਿਦਿਅਕ ਮਾਰਗ ਬਣਾਉਣਾ;

3) ਹਰ ਜਗ੍ਹਾ ਪਾਲਤੂ ਜਾਨਵਰਾਂ ਲਈ ਭੋਜਨ, ਆਸਰਾ, ਪਿਆਰ ਪ੍ਰਦਾਨ ਕਰਨਾ;

4) ਵਾਤਾਵਰਣਕ ਪ੍ਰਬੰਧਨ ਨੂੰ ਅੱਗੇ ਵਧਾਉਣਾ;

5) ਆਸ਼ਾਵਾਦ ਦਾ ਸਮਰਥਨ ਕਰਨਾ; ਅਤੇ

6) ਕੋਲਗੇਟ ਭਾਈਚਾਰਿਆਂ ਵਿੱਚ ਆਫ਼ਤ ਤੋਂ ਰਾਹਤ ਅਤੇ ਐਮਰਜੈਂਸੀ ਦੇਖਭਾਲ ਪ੍ਰਦਾਨ ਕਰਨਾ।

ਕੰਪਨੀ ਦੁਨੀਆ ਭਰ ਵਿੱਚ ਸਿਖਿਆ ਦੇ ਪ੍ਰੋਗਰਾਮਾਂ, ਤਜਵੀਜ਼ ਦੇਣ ਦੀਆਂ ਪਹਿਲਕਦਮੀਆਂ, ਵਜ਼ੀਫ਼ਾ ਪ੍ਰੋਗਰਾਮਾਂ, ਖੇਡ-ਮੁਕਾਬਲਿਆਂ ਅਤੇ ਹੋਰ ਸਰਗਰਮੀਆਂ ਨੂੰ ਸਪਾਂਸਰ ਕਰਦੀ ਹੈ। ਕੰਪਨੀ ਆਪਣੇ ਲੋਕਾਂ ਨੂੰ ਉਹਨਾਂ ਦੇ ਕੰਮ ਦੇ ਸਮੇਂ ਤੋਂ ਬਾਅਦ ਅਜਿਹੀਆਂ ਸਥਾਨਕ ਖਰੈਤੀ ਸਰਗਰਮੀਆਂ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਦੀ ਹੈ ਜੋ ਸਾਡੇ ਉਦੇਸ਼ ਨੂੰ ਪੂਰਾ ਕਰਨ ਵਿੱਚ ਮਦਦ ਕਰਦੇ ਹਨ।

## ਸਾਡੇ ਕਾਰੋਬਾਰ 'ਤੇ ਅਸਰ ਪਾਉਣ ਵਾਲੇ ਮੁੱਦਿਆਂ ਬਾਰੇ ਅਸੀਂ ਸਰਕਾਰਾਂ ਨਾਲ ਕੰਮ ਕਰਦੇ ਹਾਂ

ਸਾਡੀ ਕੰਪਨੀ 200 ਤੋਂ ਵੱਧ ਦੇਸ਼ਾਂ ਅਤੇ ਇਲਾਕਿਆਂ ਵਿੱਚ ਕਾਰੋਬਾਰ ਕਰਦੀ ਹੈ। ਇਹ ਸਾਡੀ ਨੀਤੀ ਹੈ ਕਿ ਸਥਾਨਕ ਅਤੇ ਰਾਸ਼ਟਰੀ ਸਰਕਾਰਾਂ ਨਾਲ ਮਿਲਵਰਤਨ ਨਾਲ ਕੰਮ ਕੀਤਾ ਜਾਏ। ਸਮੇਂ ਸਮੇਂ ਸਿਰ ਅਜਿਹੇ ਮੁੱਦੇ ਉਭਰ ਸਕਦੇ ਹਨ, ਜੋ ਸਾਡੇ ਕੰਮਾਂ ਨੂੰ ਪ੍ਰਭਾਵਿਤ ਕਰਦੇ ਹਨ। ਧਿਆਨ ਨਾਲ ਵਿਚਾਰ-ਚਰਚਾ ਤੋਂ ਬਾਅਦ, ਕੰਪਨੀ ਉਹਨਾਂ ਵਿਸ਼ੇਸ਼ ਮੁੱਦਿਆਂ ਬਾਰੇ ਆਪਣੇ ਕਾਰੋਬਾਰੀ ਟੀਚਿਆਂ ਅਤੇ ਜ਼ਰੂਰਤਾਂ ਦੀ ਮਦਦ ਲਈ ਸਰਕਾਰ ਨੂੰ ਆਪਣੀ ਰਾਇ ਅਤੇ ਸਿਫ਼ਾਰਸ਼ਾਂ ਪੇਸ਼ ਕਰ ਸਕਦੀ ਹੈ। ਹਾਲਾਂਕਿ, ਇਹ ਕਦੇ ਵੀ ਪਹਿਲੇ ਆਪਣੇ ਮੈਨੇਜਰ ਅਤੇ ਅੰਤਰਰਾਸ਼ਟਰੀ ਕਨੂੰਨ ਸੰਗਠਨ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਨਹੀਂ ਹੋਣਾ ਚਾਹੀਦਾ।

## ਅਸੀਂ ਸ਼ੋਸ਼ਣ, ਅਣਮਨੁੱਖੀ ਕਿਰਤ ਵਿਹਾਰਾਂ ਦਾ ਵਿਰੋਧ ਕਰਦੇ ਹਾਂ

ਕੋਲਗੇਟ, ਬਾਲ ਕਿਰਤ ਦੀ ਨਾਜਾਇਜ਼ ਵਰਤੋਂ, ਮਨੁੱਖੀ ਸ਼ੋਸ਼ਣ ਅਤੇ ਕਿਰਤੀਆਂ ਦੇ ਅਪ੍ਰਵਾਣ ਵਿਹਾਰ ਦੇ ਹੋਰ ਸਾਰੇ ਰੂਪਾਂ ਦਾ ਵਿਰੋਧ ਕਰਦੀ ਹੈ।

ਇਸ ਤੋਂ ਇਲਾਵਾ, ਕੋਲਗੇਟ ਦੀ ਇਹ ਨੀਤੀ ਹੈ ਕਿ ਉਹ ਅਜਿਹੇ ਕਿਸੇ ਵੀ ਸਪਲਾਇਰ ਜਾਂ ਠੇਕੇਦਾਰ ਨਾਲ ਕੰਮ ਨਹੀਂ ਕਰੇਗੀ, ਜਿਸ ਬਾਰੇ ਪਤਾ ਹੋਵੇ ਕਿ ਉਹ ਕਿਰਤੀਆਂ ਦੇ ਨਾਲ ਅਪ੍ਰਵਾਨ ਵਿਹਾਰ ਕਰਦਾ ਹੈ, ਜਿਸ ਵਿੱਚ ਨਿਮਨਲਿਖਤ ਸ਼ਾਮਲ ਹੈ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹੈ:

- ਸ਼ੋਸ਼ਣ
- ਜਿਸਮਾਨੀ ਸਜ਼ਾ
- ਦੁਰਵਿਵਹਾਰ
- ਜੇਲ ਮਜ਼ਦੂਰੀ, ਬੰਧੂਆ ਮਜ਼ਦੂਰੀ ਅਤੇ/ਜਾਂ ਗੁਲਾਮ ਮਜ਼ਦੂਰੀ
- ਅਣਇੱਛਤ ਗੁਲਾਮੀ
- ਮਨੁੱਖੀ ਤਸਕਰੀ ਦਾ ਕੋਈ ਵੀ ਰੂਪ ਜਾਂ
- ਦੁਰਵਿਵਹਾਰ ਦੀਆਂ ਹੋਰ ਕਿਸਮਾਂ

ਕੋਲਗੇਟ ਕਿਰਤ ਕਾਨੂੰਨਾਂ ਦੀ ਕੋਈ ਵੀ ਉਲੰਘਣਾ ਨੂੰ ਪ੍ਰਵਾਨ ਨਹੀਂ ਕਰਦੀ, ਅਤੇ ਜੇ ਕਿਸੇ ਉਲੰਘਣਾ ਬਾਰੇ ਕੰਪਨੀ ਨੂੰ ਪਤਾ ਚੱਲਦਾ ਹੈ, ਤਾਂ ਇਹ ਕਾਰੋਬਾਰੀ ਸਬੰਧ ਖ਼ਤਮ ਕਰਨ ਦਾ ਅਧਾਰ ਮੰਨੇ ਜਾ ਸਕਦੇ ਹਨ।

## ਅਸੀਂ ਵਿਸ਼ਵ ਵਿਆਪੀ ਮਨੁੱਖੀ ਹੱਕਾਂ ਲਈ ਆਪਣੀ ਵਚਨਬੱਧਤਾ ਦਾ ਮੁਜ਼ਾਹਰਾ ਕਰਦੇ ਹਾਂ

ਕੋਲਗੇਟ ਦੁਨੀਆ ਭਰ ਵਿੱਚ ਮਨੁੱਖੀ ਹੱਕਾਂ ਅਤੇ ਕਿਰਤ ਹੱਕਾਂ ਦੀ ਰਾਖੀ ਦਾ ਸਤਿਕਾਰ ਕਰਨ ਲਈ ਲੰਮੇ ਸਮੇਂ ਲਈ ਵਚਨਬੱਧ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਯੂਨਾਈਟਿਡ ਨੇਸ਼ਨਸ ਦੀ ਵਿਸ਼ਵ ਵਿਆਪੀ ਘੋਸ਼ਣਾ ਦਾ ਸਮਰਥਨ ਕਰਦੀ ਹੈ, ਅਤੇ ਇਹ ਅਤੇ ਇਹ 'ਅੰਤਰਰਾਸ਼ਟਰੀ ਸੁਲੀਵੈਨ ਸਿਧਾਂਤਾਂ' (Global Sullivan Principles) ਦੇ ਸੰਸਥਾਪਕੀ ਮੈਂਬਰਾਂ ਵਿੱਚੋਂ ਇੱਕ ਸੀ। ਕੋਲਗੇਟ ਕੰਜਿਊਮਰ ਗੁੱਡਸ ਫੋਰਮ ਦੇ ਜ਼ਬਰਨ ਕਿਰਤ ਬਾਰੇ (Consumer Goods Forum's Resolution on Forced Labor) ਮਤੇ ਪ੍ਰਤੀ ਵੀ ਵਚਨਬੱਧ ਹੈ ਅਤੇ ਇਸਨੇ ਇਸਦੇ 'ਤਰਜੀਹੀ ਉਦਯੋਗ ਸਿਧਾਂਤਾਂ' (Priority Industry Principles) ਨੂੰ ਅਪਣਾਇਆ ਹੈ। ਇਹਨਾਂ ਵਚਨਬੱਧਤਾਵਾਂ ਨੂੰ ਦਰਸਾਉਂਦੇ ਹੋਏ, ਕੋਲਗੇਟ ਅਜਿਹੇ ਵਿਹਾਰ ਕਰਦੀ ਹੈ ਅਤੇ ਕਾਰੋਬਾਰੀ ਹਿੱਸੇਦਾਰਾਂ ਨਾਲ ਕੰਮ ਕਰਨਾ ਚਾਹੁੰਦੀ ਹੈ, ਜੋ ਹੇਠਾਂ ਦਿੱਤੇ ਮਿਆਰਾਂ ਨੂੰ ਪ੍ਰੇਰਦੇ ਹਨ:

- ✔ ਜਾਤ, ਰੰਗ, ਧਰਮ, ਲਿੰਗ, ਲਿੰਗਕ ਪਛਾਣ, ਰਾਸ਼ਟਰੀ ਮੂਲ, ਨਾਗਰਿਕਤਾ, ਨਸਲੀ ਮੂਲ, ਉਮਰ, ਜਿਨਸੀ ਰੁਝਾਨ, ਅਪੰਗਤਾ, ਵਿਆਹੁਤਾ-ਦਰਜਾ ਜਾਂ ਪਰਿਵਾਰਕ ਦਰਜਾ, ਤਜਰਬਾਕਾਰ ਦਰਜਾ ਜਾਂ ਕਾਨੂੰਨ ਵੱਲੋਂ ਸੁਰੱਖਿਅਤ ਹੋਰ ਗੁਣ-ਲੱਛਣਾਂ ਨੂੰ ਧਿਆਨ ਵਿੱਚ ਰੱਖੇ ਬਿਨਾ ਸਾਰੇ ਪੱਧਰਾਂ 'ਤੇ ਸਾਰੇ ਮੁਲਾਜ਼ਮਾਂ ਲਈ ਬਰਾਬਰੀ ਦੇ ਮੌਕੇ;
- ✔ ਮਨੁੱਖੀ ਸਿਹਤ ਅਤੇ ਵਾਤਾਵਰਨ ਦੀ ਰਾਖੀ ਕਰਨ ਲਈ ਸੁਰੱਖਿਅਤ ਅਤੇ ਕੰਮ ਕਰਨ ਦੀ ਨਰੋਈ ਥਾਂ;
- ✔ ਉਜਰਤਾਂ ਜੋ ਲਾਗੂ ਹੋਣ ਵਾਲੇ ਸਾਰੇ ਕਾਨੂੰਨਾਂ ਅਤੇ ਅਧਿਨਿਯਮਾਂ ਦੀ ਤਾਮੀਲ ਕਰਦੀਆਂ ਹਨ;
- ✔ ਸਥਾਨਕ ਕਨੂੰਨਾਂ ਦੇ ਅਨੁਸਾਰ, ਕਨੂੰਨ ਵੱਲੋਂ ਤੈਅ ਕੀਤੇ ਕੰਮਕਾਜ਼ੀ ਸਮੇਂ ਅਤੇ ਓਵਰਟਾਈਮ ਦੇ ਘੰਟਿਆਂ ਵਾਸਤੇ ਮੁਆਵਜ਼ੇ ਦੀ ਪਾਲਣਾ ਕਰਨਾ;
- ✔ ਮੁਲਾਜ਼ਮਾਂ ਦੀ ਸੰਸਥਾ ਦੀ ਕਾਨੂੰਨੀ ਅਜ਼ਾਦੀ ਦਾ ਸਤਿਕਾਰ ਕਰਨਾ ਅਤੇ ਔਯਜਨ ਕਰਨ ਅਤੇ ਇਕੱਠੇ ਮਿਲ ਕੇ ਭਾਅ ਕਰਨ ਲਈ ਸਾਰੇ ਕਾਨੂੰਨੀ ਹੱਕਾਂ ਦੀ ਪਛਾਣ;
- ✔ ਭਰਤੀ ਕਰਨ, ਨੌਕਰੀ 'ਤੇ ਰੱਖਣ ਅਤੇ ਰੁਜਗਾਰ ਦੇਣ ਦੀ ਅਜਿਹੀ ਪ੍ਰਕਿਰਿਆ ਜੋ ਕਾਮਿਆਂ ਕੋਲੋਂ ਕੋਈ ਫੀਸ ਜਾਂ ਅਮਾਨਤ (ਵਿੱਤੀ ਜਾਂ ਕਿਸੇ ਹੋਰ ਤਰ੍ਹਾਂ ਦੀ) ਲੈਣਾ ਨਹੀਂ ਲੋੜਦੀ, ਇਸ ਵਿੱਚ ਕਿਸੇ ਵੀ ਕਿਸਮ ਦੀ ਏਜੰਸੀ, ਭਰਤੀ-ਕਰਤਾ ਜਾਂ ਦਲਾਲ ਵੀ ਸ਼ਾਮਲ ਹਨ;
- ✔ ਭਰਤੀ ਕਰਨ, ਨੌਕਰੀ 'ਤੇ ਰੱਖਣ ਅਤੇ ਰੁਜਗਾਰ ਦੇਣ ਦੀ ਅਜਿਹੀ ਪ੍ਰਕਿਰਿਆ ਜੋ, ਜਦ ਤੱਕ ਕਨੂੰਨ ਵੱਲੋਂ ਲੋੜਿਆ ਨਾ ਜਾਂਦਾ ਹੋਵੇ, ਕਾਮਿਆਂ ਕੋਲੋਂ ਆਪਣੇ ਅਸਲ ਸ਼ਨਾਖਤੀ ਦਸਤਾਵੇਜ, ਯਾਤਰਾ ਦਸਤਾਵੇਜ ਜਾਂ ਕੋਈ ਹੋਰ ਨਿੱਜੀ ਦਸਤਾਵੇਜ ਜਾਂ ਬਹੁਮੁੱਲੀਆਂ ਚੀਜ਼ਾਂ ਨੂੰ ਜਮ੍ਹਾਂ ਕਰਾਉਣਾ ਨਹੀਂ ਲੋੜਦੀ, ਜਾਂ ਉਹਨਾਂ ਦੀ ਘੁੰਮਣ-ਫਿਰਨ ਦੀ ਆਜ਼ਾਦੀ ਨੂੰ ਕਿਸੇ ਹੋਰ ਤਰ੍ਹਾਂ ਨਾਲ ਪ੍ਰਤੀਬੰਧਿਤ ਨਹੀਂ ਕਰਦੀ;
- ✔ ਰੁਜ਼ਗਾਰ ਜੋ ਰੁਜ਼ਗਾਰ ਰਿਸ਼ਤੇ ਵਿੱਚ ਦਾਖਲ ਹੋਣ ਅਤੇ ਇਸਨੂੰ ਸਮਾਪਤ ਕਰਨ ਲਈ ਕਰਮਚਾਰੀ ਦੀ ਸੁਤੰਤਰ ਅਤੇ ਸੂਚਿਤ ਸਹਿਮਤੀ 'ਤੇ ਆਧਾਰਿਤ ਹੈ; ਅਤੇ
- ✔ ਰੁਜ਼ਗਾਰ ਦੇ ਸਮੁੱਚੇ ਰਿਸ਼ਤੇ ਦੌਰਾਨ ਅਤੇ ਰੁਜ਼ਗਾਰ ਦੀ ਸਮਾਪਤੀ 'ਤੇ ਉਜਰਤਾਂ ਦਾ ਭੁਗਤਾਨ, ਜੋ ਇਕਰਾਰਨਾਮੇ ਦੀਆਂ ਮਦਾਂ ਦੇ ਅਨੁਸਾਰ ਹੈ ਜਾਂ ਕਨੂੰਨੀ ਲੋੜ ਅਨੁਸਾਰ ਹੈ।

# ਵਾਤਾਵਰਨ ਨਾਲ ਸਾਡਾ ਰਿਸ਼ਤਾ

ਅਸੀਂ ਧਰਤੀ ਦੇ ਸੀਮਿਤ ਸਾਧਨਾਂ ਦੀ ਰਾਖੀ ਕਰਨ ਅਤੇ ਆਪਣੇ ਗ੍ਰਹਿ ਦੀ ਭਲਾਈ ਨੂੰ ਕਾਇਮ ਰੱਖਣ ਵਿੱਚ ਮਦਦ ਲਈ ਜ਼ਿੰਮੇਵਾਰੀ ਨਾਲ ਕੰਮ ਕਰਨ ਅਤੇ ਆਪਣੇ ਹਿੱਸੇ ਦਾ ਕੰਮ ਕਰਨ ਲਈ ਵਚਨਬੱਧ ਹਾਂ।

## ਅਸੀਂ ਜਾਰੀ ਰਹਿਣ ਯੋਗਤਾ ਅਤੇ ਸਮਾਜਕ ਜ਼ਿੰਮੇਵਾਰੀ ਲਈ ਵਚਨਬੱਧ ਹਾਂ

ਕੋਲਗੇਟ ਵਿਖੇ, ਅਸੀਂ ਟਿਕਣਯੋਗਤਾ 'ਤੇ ਉਹੀ ਖਾਸ ਧਿਆਨ ਲਿਆਉਂਦੇ ਹਾਂ ਜਿਸ ਨੂੰ ਅਸੀਂ ਸਾਡੇ ਕਾਰੋਬਾਰ ਦੇ ਹਰ ਪਹਿਲੂ 'ਤੇ ਲਾਗੂ ਕਰਦੇ ਹਾਂ। ਕੋਲਗੇਟ ਨੇ ਹਮੇਸ਼ਾ ਟਿਕਣਯੋਗਤਾ ਦੇ ਸਿਧਾਂਤਾਂ ਦਾ ਸਮਰਥਨ ਕੀਤਾ ਹੈ ਅਤੇ ਸਾਡੀਆਂ ਕਦਰਾਂ-ਕੀਮਤਾਂ - ਦੇਖਭਾਲ ਕਰਨਾ, ਵਿਸ਼ਵ ਵਿਆਪੀ ਟੀਮਵਰਕ ਅਤੇ ਲਗਾਤਾਰ ਸੁਧਾਰ - ਸਾਡੀਆਂ ਟਿਕਣਯੋਗਤਾ ਦੀਆਂ ਕੋਸ਼ਿਸ਼ਾਂ ਨੂੰ ਰਾਹ ਦਿਖਾਉਂਦੀਆਂ ਹਨ। ਅਸੀਂ ਆਪਣੀਆਂ ਅਭਿਲਾਸ਼ਾਵਾਂ ਨੂੰ ਸਮਾਜਿਕ ਪ੍ਰਭਾਵ ਨੂੰ ਅੱਗੇ ਵਧਾਉਣ, ਲੱਖਾਂ ਘਰਾਂ ਦੀ ਮਦਦ ਕਰਨ ਅਤੇ ਸਾਡੇ ਵਾਤਾਵਰਣ ਨੂੰ ਸੁਰੱਖਿਅਤ ਕਰਨ 'ਤੇ ਕੇਂਦਰਿਤ ਕਰਦੇ ਹਾਂ।

ਇਸ ਤੋਂ ਇਲਾਵਾ, ਅਸੀਂ ਭਵਿੱਖ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਦੀ ਭਲਾਈ ਨੂੰ ਵਧਾਵਾ ਦਿੰਦੇ ਹੋਏ ਆਪਣੀ ਵਿਸ਼ਵ ਵਿਆਪੀ ਟਿਕਣਯੋਗਤਾ ਦਾ ਉਦੇਸ਼ ਹਾਸਿਲ ਕਰਨ ਲਈ ਵਚਨਬੱਧ ਹਾਂ, ਜੋ ਯਕੀਨੀ ਬਣਾਉਂਦਾ ਹੈ ਕਿ ਕੋਲਗੇਟ ਦੇ ਵਪਾਰ ਦਾ ਲਗਾਤਾਰ ਅਤੇ ਜ਼ਿੰਮੇਵਾਰੀ ਨਾਲ ਵਿਕਾਸ ਹੋਵੇ ਅਤੇ ਸਾਰੇ ਹਿੱਤਧਾਰਕਾਂ ਤੱਕ ਲਾਭ ਪਹੁੰਚੇ, ਜਿੰਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ, ਜਿਸ ਵਿੱਚ ਵਿਸ਼ਵ ਵਿਆਪੀ ਤੌਰ 'ਤੇ ਸਾਡੇ ਮੁਲਾਜ਼ਮ, ਸਾਡੇ ਸ਼ੇਅਰਧਾਰਕ, ਸਾਡੇ ਖਪਤਕਾਰ, ਸਾਡੇ ਗਾਹਕ, ਬਾਹਰੀ ਭਾਈਵਾਲ ਅਤੇ ਹੋਰ ਹਿੱਤਧਾਰਕ ਸ਼ਾਮਿਲ ਹਨ।

ਪਿਛਲੇ ਕੁਝ ਸਾਲਾਂ ਵਿੱਚ, ਟਿਕਣਯੋਗਤਾ ਅਤੇ ਸਮਾਜਕ ਜ਼ਿੰਮੇਦਾਰੀ ਪ੍ਰਤੀ ਸਾਡੀ ਵਚਨਬੱਧਤਾ ਵਿੱਚ ਵਾਧਾ ਹੋਇਆ ਹੈ, ਕਿਉਂਕਿ ਅਸੀਂ ਆਪਣਾ ਵਪਾਰ ਦੇ ਸੰਚਾਲਨ ਅਤੇ ਸਾਡੇ ਰਣਨੀਤਿਕ ਵਾਧੇ ਦੀ ਯੋਜਨਾ ਵਿੱਚ ਇਹਨਾਂ ਇੱਛਾਵਾਂ ਨੂੰ ਏਕੀਕਿਰਤ ਕੀਤਾ ਹੈ। ਇਸ ਏਕੀਕਿਰਤ ਪਹੁੰਚ ਨੇ ਸਾਡੀ ਟਿਕਣਯੋਗਤਾ ਅਤੇ ਸਮਾਜਕ ਜ਼ਿੰਮੇਵਾਰੀ ਦੇ ਪ੍ਰਭਾਵ ਅਤੇ ਸਾਡੇ ਕਾਰੋਬਾਰ ਦੀ ਕਾਰਗੁਜ਼ਾਰੀ ਨੂੰ ਮਜ਼ਬੂਤ ਕੀਤਾ ਹੈ, ਸਭ ਤੋਂ ਬਿਹਤਰ ਪ੍ਰਤਿਭਾ ਨੂੰ ਭਰਤੀ ਕਰਨ ਅਤੇ ਬਣਾਈ ਰੱਖਣ ਵਿੱਚ ਮਦਦ ਕੀਤੀ ਹੈ, ਸਾਡੇ ਹਿੱਤਧਾਰਕਾਂ ਦੇ ਨਾਲ ਸਾਡੇ ਸਬੰਧਾਂ ਨੂੰ ਵਧਾਉਣ ਅਤੇ ਕਾਢਾਂ ਲਈ ਨਵੇਂ ਮੌਕਿਆਂ ਦੀ ਪੇਸ਼ਕਸ਼ ਕੀਤੀ ਹੈ। ਸ਼ਾਇਦ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਵਚਨਬੱਧਤਾ ਨੇ ਦੁਨੀਆ ਭਰ ਵਿੱਚ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਉਤਸ਼ਾਹਤ ਅਤੇ ਸ਼ਾਮਿਲ ਕੀਤਾ ਹੈ।

ਕੰਪਨੀ ਦੇ ਟਿਕਣਯੋਗਤਾ ਪ੍ਰੋਗਰਾਮ ਅਤੇ ਪਹਿਲਕਦਮੀਆਂ ਦੇ ਸੰਬੰਧ ਵਿੱਚ ਵਾਧੂ ਜਾਣਕਾਰੀ ਲਈ, ਸਾਡੀ **ਟਿਕਣਯੋਗਤਾ ਰਿਪੋਰਟ** ਦੀ ਸਮੀਖਿਆ ਕਰਨ ਲਈ colgatepalmolive.com 'ਤੇ ਜਾਓ ਜਿੱਥੇ ਅਸੀਂ ਸੰਖੇਪ ਵਿੱਚ ਦੱਸਦੇ ਹਾਂ ਕਿ ਅਸੀਂ ਸਾਰੇ ਲੋਕਾਂ, ਉਨ੍ਹਾਂ ਦੇ ਪਾਲਤੂ ਜਾਨਵਰਾਂ ਅਤੇ ਸਾਡੇ ਗ੍ਰਹਿ ਲਈ ਇੱਕ ਸਿਹਤਮੰਦ ਭਵਿੱਖ ਦੀ ਕਲਪਨਾ ਕਰਨ ਦੇ ਆਪਣੇ ਉਦੇਸ਼ ਨੂੰ ਕਿਵੇਂ ਪੂਰਾ ਕਰਦੇ ਹਾਂ।

## ਅਸੀਂ ਧਰਤੀ ਦੀ ਸੁਰੱਖਿਆ ਅਤੇ ਰਾਖੀ ਕਰਦੇ ਹਾਂ

ਕੰਪਨੀ ਧਰਤੀ ਦੇ ਸੀਮਿਤ ਸਾਧਨਾਂ ਨੂੰ ਬਚਾਉਣ ਅਤੇ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਸਾਡੇ ਹਿੱਸੇ ਦਾ ਕੰਮ ਕਰਨ ਲਈ ਵਚਨਬੱਧ ਹੈ। ਸਾਡੇ ਧਰਤੀ ਨਾਲ ਜੁੜੇ ਇਕਰਾਰ ਸਾਡੀ ਊਰਜਾ ਦੀ ਵਰਤੋਂ, ਕਾਰਬਨ ਨਿਕਾਸ, ਪਾਣੀ ਦੀ ਵਰਤੋਂ ਅਤੇ ਕੂੜੇ ਨੂੰ ਮੁੜ ਵਰਤੋਂ ਵਿੱਚ ਲਿਆਉਣ ਅਤੇ ਇਸਦਾ ਨਿਪਟਾਰਾ ਕਰਨ ਦੇ ਆਲੇ-ਦੁਆਲੇ ਘੁੰਮਦੇ ਹਨ। ਇਸ ਲਈ, ਸਾਨੂੰ ਹਰੇਕ ਨੂੰ ਵਾਤਾਵਰਨ ਸਬੰਧੀ ਲਾਗੂ ਕਾਨੂੰਨਾਂ ਅਤੇ ਨੇਮਾਂ ਅਤੇ ਉਹਨਾਂ ਵੱਲੋਂ ਪੇਸ਼ ਕੀਤੀਆਂ ਗਈਆਂ ਸਾਰਵਜਨਿਕ ਨੀਤੀਆਂ ਦੀ ਇੰਨ-ਬਿੰਨ ਅਤੇ ਭਾਵਨਾ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ।

ਅਸੀਂ ਜਨਤਾ ਨਾਲ ਖੁੱਲ੍ਹੇ ਦਿਲ ਨਾਲ ਗੱਲਬਾਤ ਕਰਨ ਨੂੰ ਵਧਾਵਾ ਦਿੰਦੇ ਹਾਂ ਅਤੇ ਉਨ੍ਹਾਂ ਭਾਈਚਾਰਿਆਂ ਨਾਲ ਸਰਗਰਮ ਅਤੇ ਉਤਪਾਦਕਤਾ ਵਾਲੀ ਹਿੱਸੇਦਾਰੀ ਨੂੰ ਕਾਇਮ ਰੱਖਦੇ ਹਾਂ ਜਿੰਨਾਂ ਵਿੱਚ ਅਸੀਂ ਕੰਮ ਕਰਦੇ ਹਾਂ। ਅਸੀਂ ਖਪਤਕਾਰਾਂ ਨਾਲ ਆਪਣੀ ਵਾਤਾਵਰਨ ਸਬੰਧੀ ਰਣਨੀਤੀ ਅਤੇ ਪ੍ਰੋਗਰਾਮਾਂ ਅਤੇ ਭਾਈਚਾਰੇ ਦੇ ਆਗੂਆਂ ਨਾਲ ਕੰਮ ਕਰਨ ਅਤੇ ਹੋਰ ਸਾਰੇ, ਜੋ ਸਾਡੇ ਵਾਤਾਵਰਨ ਦੀ ਰਾਖੀ ਲਈ ਵਚਨਬੱਧ ਹਨ, ਦੇ ਨਾਲ ਜਾਣਕਾਰੀ ਲਗਾਤਾਰ ਸਾਂਝੀ ਕਰਦੇ ਰਹਾਂਗੇ।

ਸਾਡੇ ਵਾਤਾਵਰਨ ਸਬੰਧੀ ਅਸਰਾਂ ਨੂੰ ਘੱਟ ਕਰਨ ਵਾਲੀ, ਹਮੇਸ਼ਾ ਜਾਰੀ ਰਹਿਣ ਵਾਲੀ ਰਣਨੀਤੀ ਉਤਪਾਦਨ, ਪੈਕੇਜਿੰਗ, ਵੰਡ ਅਤੇ ਸਾਡੇ ਉਤਪਾਦਾਂ ਦੀ ਮਾਰਕੀਟਿੰਗ ਦਾ ਇੱਕ ਅਟੁੱਟ ਹਿੱਸਾ ਹੋਏਗੀ।

# ਸ਼ੇਅਰਧਾਰਕਾਂ ਨਾਲ ਸਾਡਾ ਰਿਸ਼ਤਾ

ਅਸੀਂ ਆਪਣੇ ਸ਼ੇਅਰਧਾਰਕਾਂ ਦੇ ਸਰਵੋਤਮ ਹਿੱਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਲੋਕਾਂ, ਉਨ੍ਹਾਂ ਦੇ ਪਾਲਤੂ ਜਾਨਵਰਾਂ ਅਤੇ ਸਾਡੇ ਗ੍ਰਹਿ ਨੂੰ ਲਾਭ ਪਹੁੰਚਾਉਣ ਵਾਲੇ ਨਵੀਨਤਾਕਾਰੀ ਉਤਪਾਦ ਬਣਾ ਕੇ ਸ਼ੇਅਰਧਾਰਕ ਲਈ ਮੁੱਲ ਵਧਾਉਣ ਲਈ ਦ੍ਰਿੜ ਹਾਂ।

## ਅਸੀਂ ਵਧੀਆ ਕਾਰਪੋਰੇਟ ਪ੍ਰਸਾਸ਼ਨ ਕਾਇਮ ਰੱਖਦੇ ਹਾਂ

ਕੰਪਨੀ ਦੀਆਂ ਕਾਰਪੋਰੇਟ ਨੂੰ ਚਲਾਉਣ ਵਾਲੀਆਂ ਨੀਤੀਆਂ ਅਤੇ ਪ੍ਰੋਗਰਾਮ, ਜਿਸਦਾ ਮੁੱਖ ਧੁਰਾ ਵਿਵਹਾਰ ਦਾ ਜ਼ਾਬਤਾ ਹੈ, ਸ਼ੇਅਰਧਾਰਕਾਂ ਦੀ ਸੁਰੱਖਿਆ ਲਈ ਅਹਿਮ ਹੋਣ ਵਜੋਂ ਕੰਮ ਕਰਦੇ ਹਨ। ਹਾਲੀਆ ਸਾਲਾਂ ਵਿੱਚ, ਕਾਂਗ੍ਰੇਸ, ਯੂ.ਐੱਸ. ਸਕਿਊਰਟੀਜ਼ ਐਂਡ ਐਕਸਚੇਂਜ਼ ਕਮਿਸ਼ਨ (U.S. Securities and Exchange Commission), ਨਿਊ ਯਾੱਰਕ ਸ਼ੇਅਰ ਬਜ਼ਾਰ (New York Stock Exchange) ਅਤੇ ਦੁਨੀਆ ਭਰ ਦੇ ਹੋਰ ਰੈਗੂਲੇਟਰਾਂ ਅਤੇ ਅਫ਼ਸਰਾਂ ਵੱਲੋਂ ਨੈਤਿਕ ਕਾਰਪੋਰੇਟ ਦੇ ਵਿਹਾਰ ਨੂੰ ਉਤਸਾਹ ਦੇਣ ਲਈ ਕਈ ਜਾਂਚਾਂ ਅਤੇ ਬੈਲੇਂਸ ਲਾਗੂ ਕੀਤੇ ਗਏ ਹਨ, ਜਿਹੜੇ ਕੋਲਗੇਟ ਵਿੱਚ ਕਈ ਸਾਲਾਂ ਤੋਂ ਮਿਆਰੀ ਵਿਹਾਰ ਰਹੇ ਹਨ। ਸਾਡੇ ਸ਼ੇਅਰਧਾਰਕ, ਸੁਤੰਤਰ ਬੋਰਡ ਵੱਲੋਂ, ਜੋ ਸੁਤੰਤਰ ਡਾਇਰੈਕਟਰਾਂ ਅਤੇ ਸੁਤੰਤਰ ਕਮੇਟੀਆਂ ਦੇ ਢੁਕਵੇਂ ਬਹੁਮਤ ਨਾਲ ਬਣੇ ਹਨ, ਆਪਣਾ ਕੰਮ ਚੰਗੀ ਤਰ੍ਹਾਂ ਨਿਭਾਉਂਦੇ ਹਨ, ਇਹ ਲੋਕ ਆੱਡਿਟ, ਮੁਆਵਜ਼ੇ ਅਤੇ ਪ੍ਰਸ਼ਾਸਨ ਦੇ ਮਾਮਲੇ ਵੇਖਦੇ ਹਨ। ਅਕਸਰ ਸੋਧੇ ਜਾਣ ਵਾਲੇ ਕਮੇਟੀ ਚਾਰਟਰ ਅਤੇ ਚਲਾਉਣ ਸਬੰਧੀ ਸੇਧਾਂ ਸਪਸ਼ਟ ਤੌਰ 'ਤੇ ਡਾਇਰੈਕਟਰਾਂ ਦੀ ਭੂਮਿਕਾ ਅਤੇ ਕੰਪਨੀ ਕਾਰਪੋਰੇਟ ਚਲਾਉਣ ਦੇ ਸਿਧਾਂਤਾਂ ਨੂੰ ਪਰਿਭਾਸ਼ਤ ਕਰਦੀਆਂ ਹਨ।

ਕੰਪਨੀ ਦੇ ਕਾਰਪੋਰੇਟ ਪ੍ਰਸਾਸ਼ਨ ਚਲਾਉਣ ਸਬੰਧੀ ਪ੍ਰੋਗਰਾਮ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ ਕਾਰਪੋਰੇਟ ਪ੍ਰਸਾਸ਼ਨ ਚਲਾਉਣ ਸਬੰਧੀ ਅਹਿਮ ਮੁੱਦਿਆਂ ਬਾਰੇ ਬੋਰਡ ਦੀਆਂ ਸੇਧਾਂ (Board Guidelines on Significant Corporate Governance Issues) ਅਤੇ ਕੰਪਨੀ ਦੀ ਆੱਡਿਟ ਕਮੇਟੀ, ਨਾਮਜ਼ਦਗੀਆਂ ਅਤੇ ਪ੍ਰਸ਼ਾਸਨ ਅਤੇ ਕਾਰਪੋਰੇਟ ਜ਼ਿੰਮੇਵਾਰੀ ਬਾਰੇ ਕਮੇਟੀ, ਅਮਲਾ ਅਤੇ ਸੰਸਥਾ ਕਮੇਟੀ ਅਤੇ ਮਾਲੀ ਕਮੇਟੀ ਦੇ ਚਾਰਟਰ ਦੇਖੋ।

## ਅਸੀਂ ਨਿਵੇਸ਼ਕਾਂ ਦਾ ਭਰੋਸਾ ਵਧਾਉਣ ਲਈ ਮਜ਼ਬੂਤ ਆੱਡਿਟ ਪ੍ਰੋਗਰਾਮਾਂ ਨੂੰ ਬਹਾਲ ਰੱਖਦੇ ਹਾਂ

ਕੰਪਨੀ ਆਪਣੀਆਂ ਮਾਲੀ ਰਿਪੋਰਟਾਂ ਦੀ ਕੁਆਲਿਟੀ, ਨੇਕਨੀਅਤੀ ਅਤੇ ਪਾਰਦਰਸ਼ਿਤਾ ਪ੍ਰਤੀ ਵਚਨਬੱਧ ਹੈ। ਇਹ ਵਚਨਬੱਧਤਾ ਕੰਪਨੀ ਦੀਆਂ ਲੰਮੀ ਮਿਆਦ ਦੀਆਂ ਨੀਤੀਆਂ ਅਤੇ ਅਮਲਾਂ ਵਿੱਚ ਝਲਕਦੀ ਹੈ, ਜਿਸ ਵਿੱਚ ਸ਼ਾਮਿਲ ਹਨ, ਇੱਕ ਅੰਦਰੂਨੀ ਆੱਡਿਟ ਗਰੁੱਪ ਵੱਲੋਂ ਵਿਸ਼ਵ ਭਰ ਵਿੱਚ ਮਾਲੀ ਕੰਟਰੋਲਾਂ ਦੀ ਨਿਗਰਾਨੀ ਕਰਨਾ, ਸੁਤੰਤਰ ਆੱਡੀਟਰ ਜਿੰਨ੍ਹਾਂ ਕੋਲ ਵਿਆਪਕ ਆਦੇਸ਼ ਹੈ, ਅਤੇ ਇੱਕ ਸੁਤੰਤਰ ਆੱਡਿਟ ਕਮੇਟੀ, ਜੋ ਇਹਨਾਂ ਖੇਤਰਾਂ ਦਾ ਨਿਰੀਖਣ ਕਰਦੀ ਹੈ। ਇਹਨਾਂ ਸਾਧਨਾਂ ਦੇ ਅਸਰਾਂ ਨੂੰ ਵਧਾਉਣ ਲਈ, ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਕੋਲੋਂ ਖੁਲ੍ਹੇ ਦਿਲ ਵਾਲੀ ਅਤੇ ਇਮਾਨਦਾਰ ਗੱਲਬਾਤ ਵਿੱਚ ਸ਼ਾਮਲ ਹੋਣ ਅਤੇ ਅੰਦਰੂਨੀ ਅਤੇ ਬਾਹਰੀ ਆੱਡੀਟਰਾਂ ਅਤੇ ਆੱਡਿਟ ਕਮੇਟੀ ਦੇ ਨਾਲ ਜਾਣਕਾਰੀ ਦੇ ਨਿਰਵਿਘਨ ਆਦਾਨ-ਪ੍ਰਦਾਨ ਦੀ ਉਮੀਦ ਕੀਤੀ ਜਾਂਦੀ ਹੈ।

ਕੰਪਨੀ ਦੇ ਅੰਦਰੂਨੀ ਆੱਡੀਟਰਾਂ, ਸੁਤੰਤਰ ਆੱਡੀਟਰਾਂ ਅਤੇ ਆੱਡਿਟ ਕਮੇਟੀ ਦੀ ਅਹਿਮ ਭੂਮਿਕਾ ਸਬੰਧੀ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ **ਆੱਡਿਟ ਕਮੇਟੀ ਦਾ ਚਾਰਟਰ (Audit Committee Charter)** ਵੇਖੋ।

## ਅਸੀਂ ਸ਼ੇਅਰਧਾਰਕਾਂ ਨੂੰ ਕੰਪਨੀ ਦੀ ਪ੍ਰਗਤੀ ਬਾਰੇ ਜਾਣੂ ਰੱਖਦੇ ਹਾਂ

ਹਰ ਸਾਲ ਸ਼ੇਅਰਧਾਰਕਾਂ ਨੂੰ ਕੰਪਨੀ ਦੀ ਸਲਾਨਾ ਮੀਟਿੰਗ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸ ਵਿੱਚ ਪਿਛਲੇ ਸਾਲ ਦੌਰਾਨ ਕੰਪਨੀ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਜਾਂਦਾ ਹੈ ਅਤੇ ਸ਼ੇਅਰਧਾਰਕਾਂ ਕੋਲ ਕੰਪਨੀ ਦੇ ਸੀਨੀਅਰ ਪ੍ਰਬੰਧਕਾਂ ਤੋਂ ਸਵਾਲ ਪੁੱਛਣ ਦਾ ਮੌਕਾ ਹੁੰਦਾ ਹੈ। ਵਿਚਕਾਰਲੇ ਮਹੀਨਿਆਂ ਵਿੱਚ, ਸ਼ੇਅਰਧਾਰਕ ਕੰਪਨੀ ਦੀ ਵੈੱਬਸਾਈਟ 'ਤੇ **ਨਿਵੇਸ਼ਕ ਕੇਂਦਰ (The Investor Center)** ਸੈਕਸ਼ਨ 'ਤੇ ਜਾ ਸਕਦੇ ਹਨ।

# ਆਵਾਜ਼ ਬੁਲੰਦ ਕਰਨ ਲਈ ਸਾਡੀ ਜ਼ਿੰਮੇਵਾਰੀ

ਅਸੀਂ ਆਪਣੇ ਸ਼ਬਦਾਂ ਅਤੇ ਕੰਮਾਂ ਰਾਹੀਂ ਉੱਚਤਮ ਨੈਤਿਕ ਮਾਪਦੰਡਾਂ ਨੂੰ ਕਾਇਮ ਰੱਖਦੇ ਹਾਂ ਅਤੇ ਦੂਜਿਆਂ ਦੇ ਅਜਿਹੇ ਵਿਵਹਾਰ ਨੂੰ ਚੁਣੌਤੀ ਦਿੰਦੇ ਹਾਂ ਜੋ ਸਾਡੇ ਵਿਵਹਾਰ ਦੇ ਜ਼ਾਬਤੇ, ਕਾਰੋਬਾਰ ਚਲਾਉਣ ਸਬੰਧੀ ਸੇਧਾਂ ਅਤੇ ਕੰਪਨੀ ਦੀਆਂ ਨੀਤੀਆਂ ਦੇ ਵਿਰੁੱਧ ਹੁੰਦਾ ਹੈ।

## ਸਪੱਸ਼ਟ ਸੰਚਾਰ ਬਹੁਤ ਜ਼ਰੂਰੀ ਹਨ

ਸਾਡੇ ਵਿੱਚੋਂ ਹਰ ਵਿਅਕਤੀ ਕੰਪਨੀ ਦੇ ਨੈਤਿਕ ਵਿਵਹਾਰ ਦੇ ਮਿਆਰਾਂ, ਲਾਗੂ ਹੋਣ ਵਾਲੇ ਸਾਰੇ ਕਾਨੂੰਨਾਂ ਅਤੇ ਅਧਿਨਿਯਮਾਂ, ਅਤੇ 'ਕਾਰੋਬਾਰ ਚਲਾਉਣ ਸਬੰਧੀ ਸੇਧਾਂ' ਵਿੱਚ ਸ਼ਾਮਲ ਸੇਧਾਂ ਅਤੇ ਨਾਲ ਹੀ ਕੰਪਨੀ ਦੀਆਂ ਹੋਰ ਨੀਤੀਆਂ, ਪ੍ਰਕਿਰਿਆਵਾਂ ਅਤੇ ਸੇਧਾਂ ਦੀ ਪਾਲਣਾ ਕਰਨ ਲਈ ਜਵਾਬਦੇਹ ਹੈ।

ਮੈਨੇਜਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਨਾਲ ਕੰਮ ਕਰਨ ਵਾਲੇ ਕੋਲਗੇਟ ਦੇ ਲੋਕਾਂ ਨੂੰ ਇਹਨਾਂ ਮਿਆਰਾਂ ਬਾਰੇ ਦੱਸਣ, ਅਤੇ ਇਹ ਯਕੀਨੀ ਬਣਾਉਣ ਕਿ ਉਹ ਇੱਕ ਅਜਿਹਾ ਮਾਹੌਲ ਬਣਾਉਂਦੇ ਹਨ ਜਿਸ ਵਿੱਚ ਲੋਕ ਨੈਤਿਕਤਾ ਅਤੇ ਕਾਨੂੰਨੀ ਮਾਮਲਿਆਂ ਬਾਰੇ ਸੁਤੰਤਰਤਾ ਨਾਲ ਗੱਲਬਾਤ ਕਰਨ।

## ਜੇ ਤੁਹਾਨੂੰ ਮਾਰਗ-ਦਰਸ਼ਨ ਜਾਂ ਸਹਾਇਤਾ ਚਾਹੀਦੀ ਹੈ ਤਾਂ ਸਾਡੇ ਕੋਲ ਤੁਹਾਡੀ ਮਦਦ ਕਰਨ ਲਈ ਅੰਦਰੂਨੀ ਸਾਧਨ ਹਨ

ਜ਼ਾਬਤਾ ਸਾਰੇ ਸੁਆਲਾਂ ਦੇ ਪੱਕੇ ਜਵਾਬ ਨਹੀਂ ਦੇ ਸਕਦਾ। ਇਸ ਲਈ ਕੰਪਨੀ ਦੇ ਉੱਚ ਮਿਆਰਾਂ ਦੀ ਪਾਲਣਾ ਕਰਨ ਲਈ ਸਾਨੂੰ ਆਖ਼ਰਕਾਰ ਹਰ ਵਿਅਕਤੀ ਦੀ ਉਚਿਤ ਸਮਝ 'ਤੇ ਲਾਜ਼ਮੀ ਤੌਰ 'ਤੇ ਭਰੋਸਾ ਕਰਨਾ ਚਾਹੀਦਾ ਹੈ, ਜਿਸ ਵਿੱਚ ਇਹ ਭਾਵਨਾ ਵੀ ਸ਼ਾਮਿਲ ਹੈ ਕਿ ਢੁਕਵੇਂ ਵਿਹਾਰ ਦੇ ਅਮਲ ਉੱਤੇ ਲਈ ਸੇਧ ਦੀ ਮੰਗ ਕਰਨਾ ਕਦੋਂ ਉਚਿਤ ਹੈ। ਜੇ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਤੁਹਾਨੂੰ ਖਾਸ ਸਥਿਤੀ ਵਿੱਚ ਸਭ ਤੋਂ ਵਧੀਆ ਕਾਰਵਾਈ ਦੇ ਅਮਲ ਬਾਰੇ ਸ਼ੱਕ ਹੈ ਤਾਂ ਕਿਰਪਾ ਕਰਕੇ ਹੇਠਾਂ ਵਰਣਨ ਕੀਤੇ ਮੁਤਾਬਕ ਸੇਧ ਦੀ ਖੋਜ ਕਰੋ।

## ਜੇ ਮੈਨੂੰ ਮਦਦ ਚਾਹੀਦੀ ਹੈ ਤਾਂ ਮੈਂ ਕਿੱਥੇ ਜਾਂਵਾ?

**ਤੁਹਾਡਾ ਮੈਨੇਜਰ**

ਸ਼ੰਕਿਆਂ ਜਾਂ ਤੁਹਾਡੇ ਕੋਈ ਸਵਾਲ ਹੋਣ ਦੀ ਸੂਰਤ ਵਿੱਚ , ਚਰਚਾ ਕਰਨ ਲਈ ਆਪਣੇ ਮੈਨੇਜਰ ਜਾਂ ਆਪਣੇ ਸੰਗਠਨ ਦੀ ਆਗਵਾਨੀ ਟੀਮ ਦੇ ਕਿਸੇ ਮੈਂਬਰ ਨਾਲ ਗੱਲ ਕਰੋ।

**ਮਨੁੱਖੀ ਵਸੀਲੇ ਵਿਭਾਗ**

ਤੁਹਾਡਾ ਸਥਾਨਕ ਮਨੁੱਖੀ ਵਸੀਲੇ ਵਿਭਾਗ ਦਾ ਪ੍ਰਤੀਨਿਧ ਸਲਾਹ ਅਤੇ ਮਾਰਗ-ਦਰਸ਼ਨ ਵਾਸਤੇ ਇੱਕ ਹੋਰ ਬਹੁਮੁੱਲਾ ਸਰੋਤ ਹੁੰਦਾ ਹੈ।

**ਕਾਨੂੰਨੀ**

ਪਾਲਣਾ ਸੰਬੰਧੀ ਕਿਸੇ ਸਵਾਲਾਂ ਵਾਸਤੇ ਜਾਂ ਕਾਨੂੰਨਾਂ, ਅਧਿਨਿਯਮਾਂ ਜਾਂ ਨੀਤੀਆਂ ਦੀ ਵਿਆਖਿਆ ਬਾਰੇ ਸਲਾਹ/ਸਹਾਇਤਾ ਪ੍ਰਾਪਤ ਕਰਨ ਲਈ ਅੰਤਰਰਾਸ਼ਟਰੀ ਕਨੂੰਨ ਸੰਗਠਨ ਦੇ ਕਿਸੇ ਮੈਂਬਰ ਨਾਲ ਸੰਪਰਕ ਕਰੋ।

**ਨੈਤਿਕਤਾ ਅਤੇ ਪਾਲਣਾ**

ਸਵਾਲ ਪੁੱਛਣ ਲਈ, ਇਸ ਬਾਰੇ ਮਾਰਗ-ਦਰਸ਼ਨ ਲੈਣ ਲਈ ਕਿ ਕਿਸੇ ਵਿਸ਼ੇਸ਼ ਪ੍ਰਸਥਿਤੀ ਵਿੱਚ ਜ਼ਾਬਤਾ ਕਿਵੇਂ ਲਾਗੂ ਹੁੰਦਾ ਹੈ, ਜਾਂ ਸੰਭਾਵੀ ਗਲਤ-ਵਿਵਾਹਰ ਬਾਰੇ "ਆਵਾਜ਼ ਬੁਲੰਦ ਕਰਨ" ਲਈ, 'ਨੈਤਿਕਤਾ ਅਤੇ ਪਾਲਣਾ' ਵਿਭਾਗ ਦੇ ਨਾਲ ਸੰਪਰਕ ਕਰੋ।

## ਆਵਾਜ਼ ਬੁਲੰਦ ਕਰਨ ਲਈ ਹਿੰਮਤ ਦੀ ਲੋੜ ਹੁੰਦੀ ਹੈ

ਜੇ ਤੁਸੀਂ ਜਾਣਦੇ ਹੋ, ਜਾਂ ਤੁਹਾਡੇ ਕੋਲ ਵਿਵਹਾਰ ਦੇ ਜ਼ਾਬਤੇ, ਕਾਰੋਬਾਰ ਚਲਾਉਣ ਸਬੰਧੀ ਸੇਧਾਂ ਜਾਂ ਕੰਪਨੀ ਦੀਆਂ ਹੋਰ ਨੀਤੀਆਂ ਦੀ ਉਲੰਘਣਾ ਬਾਰੇ ਸ਼ੱਕ ਕਰਨ ਦਾ ਢੁਕਵਾਂ ਕਾਰਨ ਹੈ, ਤਾਂ ਤੁਹਾਨੂੰ ਉਸ ਜਾਣਕਾਰੀ ਬਾਰੇ ਫ਼ੌਰਨ ਆਪਣੇ ਮੈਨੇਜਰ, ਮਨੁੱਖੀ ਵਸੀਲੇ ਵਿਭਾਗ, ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ, ਅੰਤਰਰਾਸ਼ਟਰੀ ਕਨੂੰਨ ਸੰਗਠਨ ਨੂੰ ਦੱਸਣ ਦੀ ਲੋੜ ਹੈ। ਬਦਲ ਦੇ ਤੌਰ 'ਤੇ, ਤੁਹਾਨੂੰ ਬਦਲੇ ਦੀ ਕਾਰਵਾਈ ਦੇ ਡਰ ਤੋਂ ਬਿਨਾ ਉੱਚ-ਪੱਧਰੀ ਪ੍ਰਬੰਧਕਾਂ ਕੋਲ ਬੇਝਿਜਕ ਜਾਣਾ ਚਾਹੀਦਾ ਹੈ।

**ਈਮੇਲ**
ethics@colpal.com

**ਵੈੱਬ ਸਾਧਨ (WEB TOOL)**
https://colpal.ethicspoint.com/

**ਵੋਆਇਸਮੇਲ**
(800) 778-6080
(ਅਮਰੀਕਾ, ਕੈਨੇਡਾ ਅਤੇ ਪਿਊਰਟੋ ਰੀਕੋ ਤੋਂ ਟੋਲ ਫ੍ਰੀ)
+1 (212) 310-2330 (ਹੋਰ ਸਾਰੀਆਂ ਥਾਵਾਂ ਤੋਂ ਕਲੈਕਟ ਕਾਲ)

**ਡਾਕ ਪਤਾ**
Global Ethics & Compliance
Colgate-Palmolive Company
300 Park Ave,
New York, NY 10022

**ਮੋਬਾਈਲ ਐਪ**
CP ਐਪ ਸਟੋਰ ਤੋਂ ਡਾਊਨਲੋਡ ਲਈ ਉਪਲਬਧ

**QR ਕੋਡ**

## ਮੈਂ ਕਿਵੇਂ ਨਿਸ਼ਚਿਤ ਹੋ ਸਕਦਾ/ਸਕਦੀ ਹਾਂ ਕਿ ਮੇਰੇ ਖਿਲਾਫ਼ ਕੋਈ ਨਕਾਰਾਤਮਕ ਕਾਰਵਾਈ ਨਹੀਂ ਕੀਤੀ ਜਾਵੇਗੀ?

### ਬਦਲਾਲਊ ਭਾਵਨਾ ਵਿਰੋਧੀ ਨੀਤੀ

ਸਭ ਤੋਂ ਉੱਤੇ ਨੈਤਿਕ ਮਿਆਰਾਂ ਨੂੰ ਕਾਇਮ ਰੱਖਣਾ, ਅਤੇ ਅਣਉਚਿਤ ਜਾਂ ਗੈਰ-ਕਾਨੂੰਨੀ ਵਿਵਹਾਰ ਤੋਂ ਮੁਕਤ ਕਾਰਜ-ਥਾਂ ਬਣਾਉਣਾ ਕੋਲਗੇਟ ਦੀ ਨੀਤੀ ਅਤੇ ਰਵਾਇਤ ਹੈ, ਜਿਸ ਵਿੱਚ ਲੋਕਾਂ ਨੂੰ ਬਦਲਾਲਊ ਭਾਵਨਾ ਦੇ ਡਰ ਤੋਂ ਬਿਨਾਂ ਕੰਪਨੀ ਨਾਲ ਆਪਣੀਆਂ ਚਿੰਤਾਵਾਂ ਨੂੰ ਸਾਂਝਾ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਨਤੀਜੇ ਵਜੋਂ, ਕੋਲਗੇਟ ਵਿਖੇ, ਕਿਸੇ ਮੁਲਾਜ਼ਮ, ਪੂਰਵ ਮੁਲਾਜ਼ਮ, ਏਜੰਟ ਜਾਂ ਤੀਜੀ ਪਾਰਟੀ ਦੇ ਖਿਲਾਫ਼ ਕੰਪਨੀ ਦਾ ਵਿਵਹਾਰ ਦਾ ਜ਼ਾਬਤਾ, ਕੰਪਨੀ ਦੀ ਨੀਤੀ ਜਾਂ ਲਾਗੂ ਕਾਨੂੰਨ ਦੀ ਸ਼ੱਕੀ ਉਲੰਘਣਾ ਦੀ ਛਾਣ-ਬੀਣ ਦੀ ਸ਼ਿਕਾਇਤ ਕਰਨ ਬਾਰੇ, ਰਿਪੋਰਟ, ਭਾਗੀਦਾਰੀ ਜਾਂ ਮਦਦ ਕਰਨ ਲਈ ਕੋਈ ਵਿਪਰੀਤ ਕਾਰਵਾਈ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਲਗਾਏ ਗਏ ਦੋਸ਼ ਜਾਂ ਪ੍ਰਦਾਨ ਕੀਤੀ ਜਾਣਕਾਰੀ ਦੇ ਜਾਣਬੁੱਝ ਕੇ ਗ਼ਲਤ ਹੋਣ ਦਾ ਪਤਾ ਨਹੀਂ ਲਗਦਾ ਜਾਂ ਇਹ ਚੰਗੇ ਵਿਸ਼ਵਾਸ ਵਿੱਚ ਨਹੀਂ ਦਿੱਤੀ ਗਈ। ਵੱਧ ਤੋਂ ਵੱਧ ਸੰਭਵ ਹੱਦ ਤੱਕ, ਕੋਲਗੇਟ ਸਾਰੀਆਂ ਸ਼ਿਕਾਇਤਾਂ ਦੀ ਰਾਜ਼ਦਾਰੀ ਨੂੰ ਕਾਇਮ ਰੱਖੇਗੀ। ਬਦਲਾਲਊ ਭਾਵਨਾ ਦੇ ਸਾਰੇ ਦੋਸ਼ਾਂ ਦੀ ਪੜਤਾਲ ਕੀਤੀ ਜਾਵੇਗੀ, ਅਤੇ ਜੇ ਢੁਕਵਾਂ ਹੋਵੇ ਤਾਂ ਅਨੁਸ਼ਾਸਨ-ਸਬੰਧੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਨੌਕਰੀ ਦੀ ਸਮਾਪਤੀ ਤੱਕ ਅਤੇ ਸਮਾਪਤੀ ਸ਼ਾਮਲ ਹੈ।

ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਨੂੰ ਪ੍ਰਦਾਨ ਕੀਤੀ ਜਾਂਦੀ ਸਾਰੀ ਜਾਣਕਾਰੀ ਦੀ ਸਮੀਖਿਆ ਕੀਤੀ ਜਾਂਦੀ ਹੈ ਅਤੇ, ਜੇ ਇਹ ਜ਼ਾਬਤੇ ਨਾਲ ਸਬੰਧ ਰੱਖਦੀ ਹੈ, ਤਾਂ ਮੁੱਦੇ ਦੀ ਵਿਸ਼ਵ ਵਿਆਪੀ ਨੈਤਿਕ ਅਤੇ ਪਾਲਣਾ ਅਤੇ/ਜਾਂ ਅੰਤਰਰਾਸ਼ਟਰੀ ਕਨੂੰਨ ਸੰਗਠਨ ਦੁਆਰਾ ਤੁਰੰਤ ਅਤੇ ਚੰਗੀ ਤਰ੍ਹਾਂ ਜਾਂਚ ਕੀਤੀ ਜਾਂਦੀ ਹੈ। ਇਹ ਬਹੁਤ ਜ਼ਰੂਰੀ ਹੈ ਕਿ ਰਿਪੋਰਟ ਕਰਨ ਵਾਲੇ ਲੋਕ ਆਪਣੀ ਜਾਂਚ ਆਪ ਨਾ ਕਰਨ, ਕਿਉਂਕਿ ਜਾਂਚਾਂ ਵਿੱਚ ਗੁੰਝਲਦਾਰ ਕਾਨੂੰਨੀ ਮਾਮਲੇ ਜੁੜੇ ਹੋ ਸਕਦੇ ਹਨ। ਆਪਣੇ ਆਪ ਕਾਰਵਾਈ ਕਰਨ ਨਾਲ ਜਾਂਚ ਦੀ ਨੇਕਨੀਅਤੀ ਨਾਲ ਸਮਝੌਤਾ ਹੋ ਸਕਦਾ ਹੈ ਅਤੇ ਕੋਲਗੇਟ ਅਤੇ ਤੁਹਾਡੇ ਦੋਹਾਂ 'ਤੇ ਬੁਰਾ ਅਸਰ ਪੈ ਸਕਦਾ ਹੈ।

ਰਿਪੋਰਟਾਂ ਗੁੰਮਨਾਮ ਤਰੀਕੇ ਵਿੱਚ ਕੀਤੀਆਂ ਜਾ ਸਕਦੀਆਂ ਹਨ ਜਿਥੇ ਸਥਾਨਕ ਕਾਨੂੰਨ ਇਜਾਜ਼ਤ ਦਿੰਦਾ ਹੈ। ਪਰ, ਅਸੀਂ ਤੁਹਾਨੂੰ ਉਤਸ਼ਾਹਤ ਕਰਦੇ ਹਾਂ ਕਿ ਜਾਂਚ ਅਤੇ ਉਸ ਤੋਂ ਅੱਗੇ ਦੀ ਕਾਰਵਾਈ ਕਰਵਾਉਣ ਵਿੱਚ ਸਾਡੀ ਮਦਦ ਕਰਨ ਲਈ ਆਪਣੀ ਪਛਾਣ ਦੱਸੋ। ਕੁਝ ਦੇਸ਼ਾਂ ਵਿੱਚ ਅਜਿਹੇ ਕਾਨੂੰਨ ਹਨ, ਜੋ ਤੁਹਾਡੇ ਵੱਲੋਂ ਦਿੱਤੀ ਜਾ ਸਕਣ ਵਾਲੀ ਜਾਣਕਾਰੀ ਦੀ ਕਿਸਮ 'ਤੇ ਪਾਬੰਦੀ ਲਾਉਂਦੇ ਹਨ। ਜੇ ਇਹ ਕਾਨੂੰਨ ਤੁਹਾਡੀ ਸਥਿਤੀ 'ਤੇ ਲਾਗੂ ਹੁੰਦੇ ਹਨ, ਤਾਂ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਦਾ ਨੁਮਾਇੰਦਾ, ਤੁਹਾਨੂੰ ਤੁਹਾਡੀ ਕਾਰੋਬਾਰੀ ਯੂਨਿਟ ਦੇ ਕਿਸੇ ਅਜਿਹੇ ਵਿਅਕਤੀ ਬਾਰੇ ਦੱਸੇਗਾ, ਜੋ ਤੁਹਾਡੀ, ਤੁਹਾਡੇ ਸਵਾਲ ਜਾਂ ਚਿੰਤਾ ਬਾਰੇ ਮਦਦ ਕਰ ਸਕਦਾ ਹੈ।

ਪਰ, ਇਹ ਗੱਲ ਦਿਮਾਗ਼ ਵਿੱਚ ਰੱਖੋ ਕਿ ਜੇ ਤੁਸੀਂ ਆਪਣੇ-ਆਪ ਦੀ ਪਛਾਣ ਕਰਨਾ ਚਾਹੁੰਦੇ ਹੋ ਤਾਂ ਕੰਪਨੀ ਵੱਲੋਂ ਵਿਅਕਤੀ ਦੀ ਪਛਾਣ ਅਤੇ ਉਸ ਵੱਲੋਂ ਦਿੱਤੀ ਗਈ ਜਾਣਕਾਰੀ ਗੁਪਤ ਰੱਖਣ ਲਈ ਸਾਰੀਆਂ ਜ਼ਰੂਰੀ ਕਾਰਵਾਈਆਂ ਕੀਤੀਆਂ ਜਾਣਗੀਆਂ ਅਤੇ ਜਾਣਕਾਰੀ ਦਾ ਖ਼ੁਲਾਸਾ ਸਿਰਫ਼ ਜਾਣਨ-ਦੀ-ਲੋੜ ਦੇ ਅਧਾਰ 'ਤੇ ਉਸ ਵੇਲੇ ਹੀ ਕੀਤਾ ਜਾਏਗਾ, ਜਦੋਂ ਇਹ ਖ਼ੁਲਾਸਾ:

- ਅਸਰਦਾਰ ਜਾਂਚ ਕਰਨ, ਤੁਹਾਡੇ ਸਾਵਲਾਂ ਦੇ ਜਵਾਬ ਦੇਣ ਜਾਂ ਢੁਕਵੀਂ ਕਾਰਵਾਈ ਲਈ ਜ਼ਰੂਰੀ ਹੋਵੇ; ਜਾਂ
- ਨਹੀਂ ਤਾਂ ਲਾਗੂ ਕਾਨੂੰਨ ਮੁਤਾਬਕ ਲੋੜੀਂਦਾ ਹੋਵੇ।

ਇੱਕ ਰਿਪੋਰਟ ਜਾਂ ਸ਼ਿਕਾਇਤ ਵਿੱਚ ਨਿੱਜੀ ਡੇਟਾ ਸ਼ਾਮਲ ਹੋ ਸਕਦਾ ਹੈ। ਉਲੰਘਣਾ ਜਾਂ ਸ਼ੱਕੀ ਉਲੰਘਣਾ ਦੀ ਜਾਂਚ ਦੇ ਉਦੇਸ਼ ਲਈ, ਸਥਾਨਕ ਕਾਨੂੰਨ ਦੇ ਅਨੁਸਾਰ, ਇਕੱਠੇ ਕੀਤੇ ਗਏ ਨਿੱਜੀ ਅੰਕੜਿਆਂ ਦਾ ਤਬਾਦਲਾ ਅਮਰੀਕਾ ਸਮੇਤ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਕਰਨਾ ਜ਼ਰੂਰੀ ਹੋ ਸਕਦਾ ਹੈ। ਅਜਿਹੇ ਮਾਮਲਿਆਂ ਵਿੱਚ, ਨਿੱਜੀ ਅੰਕੜਿਆਂ ਦੀ ਵਰਤੋਂ ਕੰਪਨੀ ਦੇ ਮੁਲਾਜ਼ਮਾਂ ਅਤੇ ਕੋਲਗੇਟ ਕੰਪਨੀਆਂ ਵੱਲੋਂ ਕੀਤੀ ਜਾ ਸਕਦੀ ਹੈ, ਜੋ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਵਿੱਚ ਕਾਰਵਾਈਆਂ ਦੀ ਜਾਂਚ ਕਰਨ ਲਈ ਸ਼ਾਮਿਲ ਹੁੰਦੇ ਹਨ, ਪਰ ਸਿਰਫ਼ ਅਜਿਹੀ ਮਿਆਦ ਲਈ, ਜੋ ਇਸ ਉਦੇਸ਼ ਲਈ ਉਚਿਤ ਢੰਗ ਨਾਲ ਜ਼ਰੂਰੀ ਹੈ (ਅਤੇ ਉਸ ਤੋਂ ਬਾਅਦ ਇਸ ਤਰ੍ਹਾਂ ਦੇ ਨਿੱਜੀ ਅੰਕੜਿਆਂ ਨੂੰ ਨਸ਼ਟ ਕਰ ਦਿੱਤਾ ਜਾਏਗਾ ਜਾਂ ਸਿਰਫ਼ ਕੰਪਨੀ ਦੀ ਨੀਤੀ ਜਾਂ ਕਾਨੂੰਨ ਦੀ ਲੋੜ ਲਈ ਸੰਭਾਲ ਕੇ ਰੱਖਿਆ ਜਾਏਗਾ)।

## ***ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਜਾਂਚ-ਪੜਤਾਲ ਪ੍ਰਕਿਰਿਆ***

ਕੋਲਗੇਟ ਦੇ ਲੋਕਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕੰਪਨੀ ਦੀ ਕਿਸੇ ਵੀ ਜਾਂਚ ਵਿੱਚ ਹਿੱਸਾ ਲੈਣ ਵੇਲੇ ਆਪਣਾ ਪੂਰਾ ਸਹਿਯੋਗ ਦੇਣ।



# ਜਦ ਕੋਲਗੇਟ ਦੇ ਲੋਕ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਕੋਲ "ਆਵਾਜ਼ ਬੁਲੰਦ ਕਰਦੇ ਹਨ" ਤਾਂ ਕੀ ਵਾਪਰਦਾ ਹੈ

ਉਚਿਤ ਅਗਲੇ ਕਦਮਾਂ ਦੀ ਪਛਾਣ ਕਰਨ ਲਈ ਨੈਤਿਕਤਾ ਅਤੇ ਪਾਲਣਾ ਵਿਭਾਗ ਜਾਣਕਾਰੀ ਦੀ ਸਮੀਖਿਆ ਕਰਦਾ ਹੈ

ਪਤਾ ਲਗਾਉਂਦਾ ਹੈ ਕਿ ਕੀ ਰਿਪੋਰਟ ਕੀਤਾ ਗਿਆ ਵਿਵਹਾਰ ਜ਼ਾਬਤੇ ਦੀ ਸੰਭਾਵੀ ਉਲੰਘਣਾ ਹੈ

ਨਹੀਂ

ਜਾਣਕਾਰੀ ਨੂੰ ਪੈਰਵਾਈ ਕਰਨ ਵਾਸਤੇ ਉਚਿਤ ਪ੍ਰਕਾਰਜ (function) ਕੋਲ ਭੇਜਿਆ ਜਾਂਦਾ ਹੈ (ਮਨੁੱਖੀ ਵਸੀਲੇ, ਵਿਸ਼ਵ ਵਿਆਪੀ, ਸੁਰੱਖਿਆ, ਕਾਰਪੋਰੇਟ ਲੇਖਾ-ਪੜਤਾਲ, ਆਦਿ)

ਅਧਿਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ ਕਿ ਜਾਣਕਾਰੀ ਨੂੰ ਦੇਖ ਲਿਆ ਗਿਆ ਹੈ

ਹਾਂ

ਇੱਕ ਜਾਂਚ ਸ਼ੁਰੂ ਕਰ ਦਿੱਤੀ ਜਾਂਦੀ ਹੈ

ਜੇ ਸੰਪਰਕ ਜਾਣਕਾਰੀ ਪ੍ਰਦਾਨ ਕੀਤੀ ਗਈ ਸੀ ਤਾਂ ਜਾਂਚ ਪੂਰੀ ਹੋਣ 'ਤੇ ਜਵਾਬ ਪ੍ਰਦਾਨ ਕੀਤਾ ਜਾਂਦਾ ਹੈ

ਸਵਾਲ
ਜਾਂ
ਸਲਾਹ

ਨੈਤਿਕਤਾ ਅਤੇ ਪਾਲਣਾ ਵਿਭਾਗ' ਕੀਤੀ ਗਈ ਬੇਨਤੀ ਦੇ ਅਨੁਸਾਰ ਸਵਾਲ ਜਾਂ ਮਾਰਗ-ਦਰਸ਼ਨ ਬਾਰੇ ਜਵਾਬ ਪ੍ਰਦਾਨ ਕਰਾਉਂਦਾ ਹੈ

**ਉਹਨਾਂ ਸ਼ੰਕਿਆਂ ਦੀਆਂ ਉਦਾਹਰਨਾਂ ਜਿੰਨ੍ਹਾਂ ਦੀ ਰਿਪੋਰਟ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਨੂੰ ਨਹੀਂ ਕੀਤੀ ਜਾਣੀ ਚਾਹੀਦੀ:**

- ਬੋਨਸ ਬਾਰੇ ਯੋਜਨਾਵਾਂ ਜਾਂ ਬੋਨਸ ਦੀ ਅਦਾਇਗੀ
- ਪੇ-ਰੋਲ ਸੰਬੰਧੀ ਮਸਲੇ
- ਛੁੱਟੀਆਂ ਜਾਂ ਲੰਬੀ-ਛੁੱਟੀ ਦਾ ਸਮਾਂ
- ਵਿਅਕਤੀਗਤ ਉਦੇਸ਼
- ਕੰਮ ਦੀ ਸਮਾਂ-ਸਾਰਣੀ ਜਾਂ ਸ਼ਿਫਟ ਦੀ ਬਦਲੀ
- ਹਾਜ਼ਰੀ
- ਡਾਕਟਰੀ ਜਾਂ ਅਪੰਗਤਾ ਲਾਭ

ਇਹਨਾਂ ਕਿਸਮਾਂ ਦੇ ਸ਼ੰਕੇ ਰਵਾਇਤੀ ਤੌਰ 'ਤੇ ਮਨੁੱਖੀ ਵਸੀਲੇ ਵਿਭਾਗ ਦੇ ਧਿਆਨ ਵਿੱਚ ਲਿਆਏ ਜਾਣੇ ਚਾਹੀਦੇ ਹਨ।

## ਅਨੁਸ਼ਾਸਨੀ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ

ਕੋਈ ਵੀ ਅਜਿਹਾ ਵਿਹਾਰ, ਜੋ ਵਿਵਹਾਰ ਦੇ ਜ਼ਾਬਤੇ ਜਾਂ ਕਾਰੋਬਾਰ ਚਲਾਉਣ ਸਬੰਧੀ ਸੇਧਾਂ ਦੀ ਉਲੰਘਣਾ ਕਰਦਾ ਹੈ, ਉਸ ਲਈ ਕੰਪਨੀ ਦੀ ਨੀਤੀ "ਬਰਦਾਸ਼ਤ ਨਾ ਕਰਨ" ("zero tolerance") ਦੀ ਹੈ।

ਇਸਦਾ ਮਤਲਬ ਇਹ ਹੈ ਕਿ ਉਲੰਘਣਾ ਦੀ ਘਟਨਾ ਸੱਚੀ ਸਾਬਤ ਹੋ ਜਾਣ 'ਤੇ ਉਲੰਘਣਾ ਦੀ ਕਿਸਮ ਅਤੇ ਉਸਦੀ ਵਿਆਪਕਤਾ ਦੇ ਮੁਤਾਬਕ ਢੁਕਵੀਂ ਕਾਰਵਾਈ ਕੀਤੀ ਜਾਏਗੀ।

**ਕੀਤੀਆਂ ਜਾ ਸਕਦੀਆਂ ਕਾਰਵਾਈਆਂ ਵਿੱਚ ਇਹ ਸ਼ਾਮਲ ਹਨ:**

- ਪ੍ਰਕਿਰਿਆ ਵਿੱਚ ਸੁਧਾਰ
- ਨੀਤੀ ਦਾ ਵਿਕਾਸ ਜਾਂ ਇਸ ਵਿੱਚ ਸੋਧ
- ਸੰਚਾਰਾਂ ਸੰਬੰਧੀ ਰਣਨੀਤੀ
- ਕੋਈ ਕੋਚ ਜਾਂ ਰਹਿਨੁਮਾ ਨਿਯਤ ਕਰਨਾ
- ਅਨੁਸ਼ਾਸ਼ਨੀ ਕਾਰਵਾਈ
- ਰੁਜ਼ਗਾਰ ਦੀ ਸਮਾਪਤੀ

ਕੰਪਨੀ ਵਿੱਚ ਕਿਸੇ ਵੀ ਵਿਅਕਤੀ ਜਾਂ ਮੈਨੇਜਰ ਨੂੰ ਅਜਿਹੇ ਵਿਹਾਰ ਵਿੱਚ ਸ਼ਾਮਿਲ ਹੋਣ ਦਾ ਹੱਕ ਨਹੀਂ ਹੈ, ਜਿਹੜੇ ਇਸ ਜ਼ਾਬਤੇ ਦੀ ਪਾਲਣਾ ਨਾ ਕਰਨ, ਜਾਂ ਕਿਸੇ ਹੋਰ ਵਿਅਕਤੀ ਵੱਲੋਂ ਅਜਿਹੇ ਵਿਹਾਰ ਨੂੰ ਇਖ਼ਤਿਆਰ ਦੇਣ, ਕਹਿਣ, ਪ੍ਰਵਾਣ ਕਰਨ ਜਾਂ ਉਸਨੂੰ ਨਜ਼ਰਅੰਦਾਜ਼ ਕਰੇ। ਉਂਜ ਕੰਪਨੀ ਦਾ ਇਰਾਦਾ ਕਿਸੇ ਵੀ ਅਜਿਹੇ ਵਿਹਾਰ ਨੂੰ ਰੋਕਣਾ ਹੈ, ਜੋ ਜ਼ਾਬਤੇ ਜਾਂ ਕਾਰੋਬਾਰ ਚਲਾਉਣ ਸਬੰਧੀ ਸੇਧਾਂ ਦੀ ਪਾਲਣਾ ਨਹੀਂ ਕਰਦਾ ਅਤੇ ਅਜਿਹੇ ਕਿਸੇ ਵਿਹਾਰ 'ਤੇ ਰੋਕ ਲਾਉਣਾ ਹੈ, ਜਿਸਦਾ ਪਤਾ ਲੱਗਣ ਤੋਂ ਬਾਅਦ ਜਿਸ ਦੇ ਵਾਪਰਣ ਦੀ ਕਾਫ਼ੀ ਹੱਦ ਤੱਕ ਸੰਭਾਵਨਾ ਹੋ ਸਕਦੀ ਹੈ। ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕ, ਜੋ ਜ਼ਾਬਤੇ ਜਾਂ ਕਾਰੋਬਾਰ ਚਲਾਉਣ ਸਬੰਧੀ ਸੇਧਾਂ ਦੀ ਪਾਲਣਾ ਨਹੀਂ ਕਰਦੇ, ਉਸ ਅਨੁਸ਼ਾਸਨੀ ਕਾਰਵਾਈ ਹੇਠ ਹੋ ਸਕਦੇ ਹਨ, ਜਿਸ ਵਿੱਚ ਸਥਾਨਕ ਕਾਨੂੰਨ ਤਹਿਤ ਨੌਕਰੀ ਦੀ ਬਰਖ਼ਾਸਤਗੀ ਵੀ ਸ਼ਾਮਿਲ ਹੋ ਸਕਦੀ ਹੈ।

## ਜ਼ਾਬਤਾ ਕੋਲਗੇਟ ਦੇ ਸਾਰੇ ਲੋਕਾਂ ਅਤੇ ਸਰਗਰਮੀਆਂ 'ਤੇ ਲਾਗੂ ਹੁੰਦਾ ਹੈ

ਵਿਵਹਾਰ ਦੇ ਜ਼ਾਬਤੇ ਦੀ ਪਾਲਣਾ ਅਤੇ ਕਾਰੋਬਾਰ ਚਲਾਉਣ ਸਬੰਧੀ ਸੇਧਾਂ ਦੀ ਨਿਗਰਾਨੀ ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ (Compliance Department) ਵੱਲੋਂ ਕੀਤੀ ਜਾਏਗੀ। ਵਿਭਾਗ, ਵਿਵਹਾਰ ਦੇ ਜ਼ਾਬਤੇ ਅਤੇ ਸਬੰਧਿਤ ਪ੍ਰੋਗਰਾਮਾਂ ਦੀ ਸਥਾਪਨਾ, ਲਾਗੂ ਕਰਨ ਅਤੇ ਲਾਗੂ ਕਰਵਾਉਣ ਬਾਰੇ ਚੇਅਰਮੈਨ, ਪ੍ਰੈਜ਼ੀਡੈਂਟ ਅਤੇ ਚੀਫ਼ ਐਗਜ਼ੀਕਿਊਟਿਵ ਅਫਸਰ ਅਤੇ ਬੋਰਡ ਦੇ ਚੇਅਰਮੈਨ ਅਤੇ ਕੋਲਗੇਟ ਦੇ ਡਾਇਰੈਕਟਰਾਂ ਦੇ ਬੋਰਡ ਦੀ ਆੱਡਿਟ ਕਮੇਟੀ ਦੇ ਚੇਅਰਮੈਨ ਨੂੰ ਰਿਪੋਰਟ ਕਰਦਾ ਹੈ। ਅੰਤਰਰਾਸ਼ਟਰੀ ਨੈਤਿਕਤਾ ਅਤੇ ਪਾਲਣਾ ਵਿਭਾਗ ਨੂੰ ਰਿਪੋਰਟ ਕੀਤੀ ਗਈ ਜਾਣਕਾਰੀ ਜਾਂ ਕਿਸੇ ਹੋਰ ਚੈਨਲ ਰਾਹੀਂ, ਜਿਵੇਂ ਢੁਕਵਾਂ ਹੋਵੇ, ਆੱਡਿਟ ਕਮੇਟੀ ਨੂੰ ਗੁਪਤ ਅਧਾਰ 'ਤੇ ਦੱਸੀ ਜਾਂਦੀ ਹੈ। ਜ਼ਾਬਤਾ ਕੋਲਗੇਟ-ਪਾਮੋਲਿਵ ਕੰਪਨੀ ਅਤੇ ਇਸਦੀਆਂ ਸਹਾਇਕ ਕੰਪਨੀਆਂ ਵਾਸਤੇ ਕੰਮ ਕਰਦੇ ਕਿਸੇ ਵੀ ਵਿਅਕਤੀ 'ਤੇ ਲਾਗੂ ਹੁੰਦਾ ਹੈ ਜਿਸ ਵਿੱਚ ਅਫਸਰ ਵੀ ਸ਼ਾਮਲ ਹਨ। ਇਸ ਜ਼ਾਬਤੇ ਦੀਆਂ ਕਾਪੀਆਂ ਸਾਡੀ ਅੰਦਰੂਨੀ ਇੰਟਰਾਨੈੱਟ ਸਾਈਟ ਅਤੇ ਨਾਲ ਹੀ ਸਾਡੀ ਬਾਹਰੀ ਵੈੱਬਸਾਈਟ ਦੋਨਾਂ 'ਤੇ ਔਨਲਾਈਨ ਉਪਲਬਧ ਹਨ। ਦੁਨੀਆਂ ਭਰ ਵਿੱਚ ਕੋਲਗੇਟ ਵਿੱਚ ਕੰਮ ਕਰਨ ਵਾਲੇ ਲੋਕ ਸਲਾਨਾ ਅਧਾਰ 'ਤੇ ਵਿਵਹਾਰ ਦੇ ਜ਼ਾਬਤੇ ਦੀ ਸਿਖਲਾਈ ਅਤੇ ਤਸਦੀਕ ਕੀਤੇ ਜਾਣ ਵਿੱਚ ਹਿੱਸਾ ਲੈਕੇ ਕੰਪਨੀ ਦੇ ਨੈਤਿਕਤਾ ਮਿਆਰਾਂ ਦੇ ਨਾਲ ਪਾਲਣਾ ਲਈ ਆਪਣੀ ਵਚਨਬੱਧਤਾ ਦਾ ਮੁਜ਼ਾਹਰਾ ਕਰਦੇ ਹਨ।

## ਕੋਈ ਸਵਾਲ ਹੈ?
## ਚਲੋ ਤੁਹਾਨੂੰ ਸਹੀ ਦਿਸ਼ਾ ਦਿਖਾਈਏ।

ਤੋਹਫ਼ੇ ਦੇਣ ਜਾਂ
ਪ੍ਰਾਪਤ ਕਰਨ ਬਾਰੇ
ਕੰਪਨੀ ਦੇ ਦਿਸ਼ਾ-ਨਿਰਦੇਸ਼
ਕੀ ਹਨ?

ਮੈਨੂੰ ਬਦਲੇ ਦੀ ਕਾਰਵਾਈ
ਦੀ ਚਿੰਤਾ ਹੈ।
ਕੰਪਨੀ ਦੀ
ਨੀਤੀ ਕੀ ਹੈ?

ਕੋਲਗੇਟ ਦੇ ਲੋਕਾਂ ਦੁਆਰਾ
ਸੋਸ਼ਲ ਮੀਡੀਆ ਦੀ
ਵਰਤੋਂ ਬਾਰੇ ਕੰਪਨੀ
ਦੀਆਂ ਉਮੀਦਾਂ ਕੀ ਹਨ?

ਇੱਕ ਲੋਕਾਂ ਦੇ ਮੈਨੇਜਰ ਹੋਣ
ਦੇ ਨਾਤੇ, ਮੈਂ ਨੈਤਿਕ ਅਗਵਾਈ
ਦਾ ਪ੍ਰਦਰਸ਼ਨ ਕਿਵੇਂ ਕਰਾਂ?

ਪਰੇਸ਼ਾਨ ਕਰਨ
ਬਾਰੇ ਕੰਪਨੀ ਦੀ
ਨੀਤੀ ਕੀ ਹੈ?

ਜੇਕਰ ਮੈਨੂੰ "ਆਵਾਜ਼ ਬੁਲੰਦ ਕਰਨ"
ਦੀ ਲੋੜ ਹੋਵੇ ਤਾਂ ਮੇਰੇ ਲਈ
ਕਿਹੜੇ ਵਿਕਲਪ ਉਪਲਬਧ ਹਨ?

ਕੀ ਕੋਲਗੇਟ ਤੋਂ ਬਾਹਰ
ਦੂਜੀ ਨੌਕਰੀ ਕਰਨਾ
ਮੇਰੇ ਲਈ ਠੀਕ ਹੈ?

ਮਾਲਿਕਾਨਾ ਜਾਣਕਾਰੀ
ਕੀ ਹੈ?

COLGATE-PALMOLIVE COMPANY

300 Park Avenue
New York, NY 10022
212-310-2000
www.colgatepalmolive.com